ਦੂਰਦਰਸ਼ਨ ਸਮੀਖਿਆ

ਹਰਿਵੱਲਭ ਸੰਗੀਤ ਸੰਮੇਲਨ ਦਾ ਸਿੱਧਾ ਪ੍ਰਸਾਰਣ-ਵੱਡੀ ਕਾਮਯਾਬੀ

ਪ੍ਰੋ. ਸੁਦੀਪ ਸਿੰਘ ਢਿੱਲੋਂ
ਮੋ. 99886-26602

ਜਲੰਧਰ ਵਿੱਚ ਸਥਿਤ ਦੇਵੀ ਤਲਾਬ ਮੰਦਰ ਵਿਖੇ ਹਰ ਸਾਲ ਬਾਬਾ ਹਰਿਵੱਲਭ ਸੰਗੀਤ ਸੰਮੇਲਨ ਬੜੀ ਧੂਮ ਧਾਮ ਨਾਲ ਕਰਵਾਇਆ ਜਾਂਦਾ ਹੈ। ਅਸੀਂ ਉਹ ਸਮੇਂ ਵੀ ਦੇਖੇ ਹਨ ਜਦੋਂ ਲੋਕ ਪਰਾਲੀ ਉਤੇ ਦਰੀਆਂ ਵਿਛਾ ਕੇ ਬਣਾਏ ਗਏ ਪੰਡਾਲ ਵਿੱਚ ਤੜਕਸਾਰ ਤੱਕ ਬੈਠ ਕੇ ਇਸ ਪ੍ਰੋਗਰਾਮ ਦਾ ਆਨੰਦ ਮਾਣਿਆ ਕਰਦੇ ਸਨ। ਹੁਣ ਭਾਵੇਂ ਬਹੁਤ ਕੁਝ ਬਦਲ ਗਿਆ ਹੈ ਪਰ ਨਹੀਂ ਬਦਲੀ ਤਾਂ ਉਹ ਹੈ ਸ਼ਾਸਤਰੀ ਸੰਗੀਤ ਦੇ ਪ੍ਰੇਮੀਆਂ ਦੀ ਇਸ ਪ੍ਰਤੀ ਲਗਨ। ਦੇਸ਼ ਵਿਦੇਸ਼ ਤੋਂ ਸੰਗੀਤ ਪ੍ਰੇਮੀ ਹਰ ਸਾਲ ਦਸੰਬਰ ਦੇ ਠੰਢੇ ਮੌਸਮ ਵਿੱਚ ਹੁੰਦੇ ਇਸ ਸੰਗੀਤ ਸੰਮੇਲਨ ਨੂੰ ਸੁਣਨ ਲਈ ਪੁੱਜਦੇ ਹਨ। ਅਣਗਿਣਤ ਸੰਗੀਤ ਪ੍ਰੇਮੀ ਠੰਢ ਅਤੇ ਕੁਝ ਹੋਰ ਕਾਰਨਾਂ ਕਰਕੇ ਸੰਗੀਤ ਸੰਮੇਲਨ ਨੂੰ ਸੁਣਨ ਤੋਂ ਵਾਂਝੇ ਰਹਿ ਜਾਂਦੇ ਸਨ ਇਸ ਲਈ ਐਤਕੀ ਪ੍ਰਬੰਧਕਾਂ ਨੇ ਬੜਾ ਸ਼ਲਾਘਾਯੋਗ ਉਪਰਾਲਾ ਕੀਤਾ ਕਿ ਸੰਗੀਤ ਸੰਮੇਲਨ ਦੇ ਚਾਰੇ ਦਿਨ ਰਾਤ ਨੂੰ 10 ਵਜੇ ਤੋਂ ਲੈ ਕੇ ਤੜਕੇ 2.00 ਵਜੇ ਤੱਕ ਦੂਰਦਰਸ਼ਨ ਜਲੰਧਰ ਕੇਂਦਰ ਰਾਹੀਂ ਇਸ ਦਾ ਸਿੱਧਾ ਪ੍ਰਸਾਰਣ ਦਿਖਾਇਆ ਗਿਆ। ਇਸ ਦਾ ਵੱਡਾ ਫਾਇਦਾ ਇਹ ਹੋਇਆ ਕਿ ਜਿਹੜੇ ਲੋਕ ਉਥੇ ਪਹੁੰਚ ਕੇ ਪੰਡਾਲ ਵਿੱਚ ਬੈਠ ਕੇ ਮਹਾਨ ਕਲਾਕਾਰਾਂ ਦੀ ਕਲਾਂ ਦਾ ਆਨੰਦ ਨਹੀਂ ਮਾਣ ਸਕੇ ਉਨ੍ਹਾਂ ਨੂੰ ਘਰੇ ਬੈਠੇ ਟੀ. ਵੀ. ਸਕਰੀਨ 'ਤੇ ਸ਼ਾਸ਼ਤਰੀ ਸੰਗੀਤ ਸੁਣਨ 'ਤੇ ਮਾਨਣ ਨੂੰ ਮਿਲਿਆ। ਇੱਕ ਗੱਲ ਰੜਕਦੀ ਰਹੀ ਕਿ ਕਈ ਵਾਰ ਇੱਕ ਆਈਟਮ ਤੋਂ ਬਾਅਦ ਦੂਜੀ ਆਈਟਮ ਸ਼ੁਰੂ ਹੋਣ 'ਤੇ ਅਨਾਊਂਸਮੈਂਟ ਦੇ ਬਾਵਜੂਦ ਪਹਿਲਾਂ ਤੋਂ ਰਿਕਾਰਡਸ਼ੁਦਾ ਪ੍ਰੋਗਰਾਮ ਦਿਖਾਉਣਾ ਸ਼ੁਰੂ ਕਰ ਦਿੱਤਾ ਜਾਂਦਾ। ਇਸ ਨਾਲ ਲਾਈਵ ਟੈਲੀਕਾਸਟ ਦੀ ਮਹੱਤਤਾ ਘਟਦੀ ਹੈ। ਕੁੱਲ ਮਿਲਾ ਕੇ ਸਿੱਧੇ ਪ੍ਰਸਾਰਣ ਦਾ ਇਹ ਤਜ਼ਰਬਾ ਬਹੁਤ ਸਫ਼ਲ ਰਿਹਾ। ਆਸ ਕਰਦੇ ਹਾਂ ਕਿ ਪ੍ਰਬੰਧਕ ਆਉਂਦੇ ਵਰ੍ਹਿਆ ਦੌਰਾਨ ਵੀ ਇਸ ਦੇ ਲਾਈਵ ਟੈਲੀਕਾਸਟ ਨੂੰ ਜਾਰੀ ਰੱਖਣਗੇ।

ਕਾਨੂੰਨੀ ਨੁਕਤੇ :-ਇਸ ਪ੍ਰੋਗਰਾਮ ਤਹਿਤ ਐਤਕੀ ਦਾ ਵਿਸ਼ਾ ਸੀ ਜ਼ਮਾਨਤ ਦਾ ਕਾਨੂੰਨ। ਇਸ ਬਾਰੇ ਕਾਨੂੰਨੀ ਮਾਹਿਰ ਸ੍ਰੀ ਢੀਂਗਰਾ ਨੇ ਸਵਾਲ ਕਰਤਾ ਅਤੇ ਪੁਲਿਸ ਅਕੈਡਮੀ ਫ਼ਿਲੌਰ ਦੀ ਸਹਾਇਕ ਜ਼ਿਲ੍ਹਾ ਅਟਾਰਨੀ ਰਿਤੂ ਗੁੰਬਰ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੰਦਿਆਂ ਜ਼ਮਾਨਤ ਦੇ ਕਾਨੂੰਨ ਬਾਰੇ ਬਹੁਤ ਵੇਰਵੇ ਸਾਹਿਤ ਅਤੇ ਲਾਭਕਾਰੀ ਜਾਣਕਾਰੀ ਦਰਸ਼ਕਾਂ ਨਾਲ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਜ਼ਮਾਨਤ ਕੌਣ ਦੇ ਸਕਦੇ ਹੈ, ਜ਼ਮਾਨਤ ਕਿਵੇਂ ਦਿੱਤੀ ਜਾਣੀ ਹੈ, ਜ਼ਮਾਨਤ ਨੇਕਚਲਨੀ ਕਿਸ ਨੂੰ ਕਿਹਾ ਜਾਂਦਾ ਹੈ, ਪੈਰੋਲ ਅਤੇ ਜ਼ਮਾਨਤ ਵਿੱਚ ਕੀ ਫ਼ਰਕ ਹੈ, ਜ਼ਮਾਨਤ ਕਿਨ੍ਹਾਂ ਹਾਲਾਤ 'ਚ ਰੱਦ ਹੋ ਸਕਦੀ ਹੈ, ਜੇ ਜ਼ਮਾਨਤ ਰੱਦ ਹੋ ਜਾਵੇ ਤਾਂ ਕੀ ਕਰਨਾ ਚਾਹੀਦਾ ਹੈ ਅਤੇ ਅਗਾਊਂ ਜ਼ਮਾਨਤ ਕਿਸ ਨੂੰ ਆਖਦੇ ਹਨ। ਇਨ੍ਹਾਂ ਸਾਰੇ ਨੁਕਤਿਆਂ ਨੂੰ ਸ੍ਰੀ ਢੀਂਗਰਾ ਨੇ ਬਾਖੂਬੀ ਸਪੱਸ਼ਟ ਕੀਤਾ ਅਤੇ ਨਾਲ ਹੀ ਦਰਸ਼ਕਾਂ ਵੱਲੋਂ ਇਸ ਲਾਈਵ ਪ੍ਰੋਗਰਾਮ ਵਿੱਚ ਪੁੱਛੇ ਗਏ ਸਵਾਲਾਂ ਦੇ ਜਵਾਬ ਵੀ ਦਿੱਤੇ। ਪ੍ਰੋਗਰਾਮ ਦੇ ਨਿਰਮਾਤਾ ਨਿਰਦੇਸ਼ਕ ਸਨ ਸ੍ਰੀ ਸ਼ੈਲੇਂਦਰ ਕੁਮਾਰ।

ਮੇਰੀ ਕਲਾ ਮੇਰਾ ਕਸਬ-ਨਿਰਮਾਤਾ ਨਿਰਦੇਸ਼ ਹਰਸ਼ਰਨ ਕੌਰ ਇਸ ਪ੍ਰੋਗਰਾਮ ਤਹਿਤ ਵੱਖ ਵੱਖ ਕਲਾਕਾਰਾਂ ਨਾਲ ਹਰ ਹਫ਼ਤੇ ਮੁਲਾਕਾਤ ਕਰਵਾਉਂਦੇ ਹਨ। ਐਤਕੀ ਉਨ੍ਹਾਂ ਨੇ ਗੁਰਦੁਆਰਾ ਮੈਹਦੀਆਣਾ ਸਾਹਿਬ ਵਿਖੇ ਸਿੱਖ ਇਤਿਹਾਸ ਨੂੰ ਬੁੱਤਾਂ ਰਾਹੀਂ ਸਾਖਿਆਤ ਰੂਪਮਾਨ ਕਰਨ ਵਾਲੇ ਮਹਾਨ ਕਲਾਕਾਰ ਸ. ਤਾਰਾ ਸਿੰਘ ਦੇ ਸਪੁੱਤਰ ਸ. ਪਰਮਿੰਦਰ ਸਿੰਘ ਨਾਲ ਮੁਲਾਕਾਤ ਕਰਵਾਈ। ਪ੍ਰਸ਼ਨ ਕਰਤਾ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੰਦਿਆਂ ਪਰਮਿੰਦਰ ਸਿੰਘ ਨੇ ਦੱਸਿਆ ਕਿ ਇਹ ਕਲਾ ਭਾਵੇਂ ਉਸ ਨੂੰ ਵਿਰਸੇ ਵਿੱਚ ਮਿਲੀ ਹੈ ਪਰ ਉਸ ਨੇ ਇਸ ਖੇਤਰ ਵਿੱਚ ਇੱਕ ਨਵਾਂ ਤਜ਼ਰਬਾ ਵੀ ਕੀਤਾ ਹੈ ਉਹ ਹੈ ਸੀਮਿੰਟ ਦੀ ਜਗ੍ਹਾ ਫਾਈਬਰ ਦੀ ਵਰਤੋਂ ਦਾ। ਉਨ੍ਹਾਂ ਦੱਸਿਆ ਕਿ ਇਹ ਤਜ਼ਰਬਾ ਬੜਾ ਕਾਮਯਾਬ ਰਿਹਾ ਹੈ। ਉਨ੍ਹਾਂ ਆਖਰੀ ਸਿੱਖ ਰਾਜੇ ਕੰਵਰ ਦਲੀਪ ਸਿੰਘ ਦੇ ਉਨ੍ਹਾਂ ਵੱਲੋਂ ਬਣਾਏ ਗਏ ਬੁੱਤ ਨੂੰ ਆਪਣੀ ਸ਼ਾਹਕਾਰ ਅਤੇ ਮਨਪਸੰਦ ਕਲਾਕ੍ਰਿਤੀ ਦੱਸਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਉਨ੍ਹਾਂ ਦੀਆਂ ਕਲਾਕ੍ਰਿਤਾਂ ਬਦਲੇ ਕੈਨੇਡਾ ਦੀਆਂ ਅਨੇਕ ਸਭਾ ਸੁਸਾਇਟੀਆਂ ਵੱਲੋਂ ਮਾਣ ਸਨਮਾਨ ਮਿਲੇ ਹਨ। ਉਨ੍ਹਾਂ ਕਿਹਾ ਕਿ ਉਹ ਆਪਣੇ ਸੱਭਿਆਚਾਰਕ ਨਾਲ ਇਨਸਾਫ਼ ਕਰਨ ਦਾ ਪੂਰਾ ਯਤਨ ਕਰ ਰਹੇ ਹਨ ਤੇ ਇਸ ਯਤਨ ਵਿੱਚ ਹਨ ਕਿ ਉਹ ਕੋਈ ਐਸੀ ਕਲਾਕ੍ਰਿਤ ਬਣਾਉਣ ਜਿਸ ਨਾਲ ਉਨ੍ਹਾਂ ਦੇ ਅੰਦਰ ਦੀ ਤਸੱਲੀ ਹੋਵੇ।

ਨਵੇਂ ਵਰ੍ਹੇ ਦੇ ਪ੍ਰੋਗਰਾਮ 'ਝਾਂਜਰ ਛਣਕ ਪਈ' ਬਾਰੇ ਅਸੀਂ ਤ.ਫਸੀਲ ਨਾਲ ਆਪਣੇ ਅਗਲੇ ਹ.ਫਤੇ ਦੇ ਕਾਲਮ ਵਿੱਚ ਜ਼ਿਕਰ ਕਰਾਂਗੇ।

ਆਖਰੀ ਕਿਸ਼ਤ-61 ਬਾਣੀ ਭਗਤ ਨਾਮਦੇਵ ਜੀ

ਭਗਤ ਨਾਮਦੇਵ ਜੀ ਦੀ ਉਹ ਰਚਨਾ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਮਿਲਦੀ ਹੈ

ਕੁੰਦਨ ਲਾਲ ਬੱਧਣ
ਫੋਨ. 0181-2752244
ਮੋ. 98768-75760



ਪਦ ਨੰ. 24- ਹਰਿ ਭਜਿ ਹਰਿ ਭਜਿ ਹਰਿ ਭਜਿ ਮੂਲ।
ਬਿਨ ਹਰਿ ਭਜਨ ਪਰੈ ਮੁਖ ਧੂਲ॥
ਅਨੇਕ ਬਾਰ ਪਸੂ ਹ੍ਵੈ ਅਵਤਰਿਓ
ਲਖ ਚਉਰਾਸੀ ਭਰਮਤ ਫਿਰਿਓ।
ਪਾਇਓ ਨਹੀਂ ਕਹੀ ਵਿਸਰਾਮ।
ਸਤਿਗੁਰ ਸਰਨ ਗਹਿਓ ਨਹੀਂ ਰਾਮ॥
ਰਾਜ ਕਾਜ ਸੁਤ ਵਿਤ ਸਬ ਜਾਈ।
ਅਵਿਨਾਸੀ ਸਉ ਪ੍ਰੀਤ ਲਗਾਈ॥
ਇਹੰ ਅਨਮਾਨ ਭਗਤ ਬ੍ਰਤ ਧਰੈ।
ਜਰਾ ਮਰਨ ਭਵ ਸੰਕਟ ਟਰੈ॥
ਗੁਣ ਸਾਗਰ ਗੋਬਿੰਦ ਗੁਣ ਗਾਈ।
ਅਪਨਉ ਬਿਰਦ ਬਿਸਰਿ ਜਿਨ ਜਾਈ॥
ਪ੍ਰਣਵਤ ਨਾਮਦੇਵ ਸੰਤ ਸਧੀਰ।
ਚਰਨ ਸਰਨ ਰਾਖੈ ਹਰਿ ਨੀਰ॥
(ਸੰਤ ਨਾਮਦੇਵ ਕੀ ਹਿੰਦੀ ਪਦਾਵਲੀ, ਪਦ 124, ਪੂਨਾ ਯੂਨੀਵਰਸਿਟੀ)
ਪਦ ਨੰ. 25 - ਕਹਿ ਮਨ ਗੋਵਿੰਦ ਗੋਵਿੰਦ।
ਚਰਨ ਕੰਵਲ ਚਿਤਵਨਿ ਜਿਨਿ ਬਿਸਰੈ।
ਗੋਵਿੰਦ ਗੋਵਿੰਦ ਗੋਵਿੰਦ ॥
ਅੰਤਰ ਗਰਭ ਸਹਿਓ ਦੁਖ ਭਾਰੀ।
ਆਵਤ ਜ਼ਾਤ ਫਿਰਿਓ ਮੈਂ ਹਾਰੀ॥
ਭਣਤ ਨਾਮਦੇਵ ਹਰਿ ਗੁਣ ਗਾਊਂ।
ਬਹੁਰਿ ਨਾ ਭਵਜਲ ਨੀਰੋਂ ਆਊਂ॥
(ਸੰਤ ਨਾਮਦੇਵ ਕੀ ਹਿੰਦੀ ਪਦਾਵਲੀ, ਪਦ 84, ਪੂਨਾ ਯੂਨੀਵਰਸਿਟੀ)
ਪਦ ਨੰ. 26-ਕਪਚ ਮੇ ਨਾ ਮਿਲੈ ਗੋਬਿੰਦ ਗੁਨ ਸਾਗਰ ਗੋਪਾਲ॥
ਗੋਪੀ ਚੰਦਨ ਤਿਲਕ ਬਨਾਵੈ ਕੰਠਹੁ ਲਾਵੈ ਮਾਲ।।
ਮਨ ਪ੍ਰਤੀਤਿ ਨਹੀਂ ਰੇ ਪ੍ਰਾਨੀ ਔਰਨ ਕੂੰ ਸਮਝਾਇ॥
ਲੋਕਲ ਕੂ ਬੈਕੁੰਠ ਪਠਾਵੈ ਆਪਨ ਜਮਪੁਰ ਜਾਇ॥
ਜਾਨਿ ਬੂਝਿ ਵਿਸ਼ ਖਾਇਓ ਰੇਂ, ਅੰਧੇ ਅੰਧਾ ਹਾਥਿ॥
ਦੇਖਤ ਹੀ ਕੂੰਵੈ ਪੜੈ, ਅੰਧੇ ਅੰਧਾ ਸਾਥਿ॥
ਯੋਗ ਜਗ ਜਪ ਤਪ ਤੀਰਥ ਵ੍ਰਤ ਮਨ ਰਾਖੈ ਇਨ ਪਾਸ॥
ਦਾਨ ਪੁਨਿ ਭਰਮ ਦਇਆ ਦੀਨਤਾ, ਹਰਕੀ ਭਗਤ ਉਦਾਸ॥
ਭਜਿ ਭਗਵੰਤ ਭਜਨ ਭਜਿ ਪ੍ਰਾਨੀ ਛਾਡਿ ਅਨ੍ਹੇਰੀ ਆਸ॥
ਬਰਨਾ ਬਰਨ ਸੁਭਾਸੁਭ ਭਜਿ ਕਰਿ, ਕੌਨ ਭਇਓ ਨਿਜ ਦਾਸ॥
ਕੋਮਲ ਵਿਮਲ ਸੰਤ ਜਨ ਸੂਰਾ, ਕਰੈਂ ਹਰਿ ਜੂਕੀ ਆਸ॥
ਨਿਤ ਤੁਮ ਕ੍ਰਿਪਾ ਕਰੋ ਹੇ ਕੇਸਵ ਪ੍ਰਣਵਤ ਨਾਮਦੇਵ ਦਾਸ॥
(ਸੰਤ ਨਾਮਦੇਵ ਕੀ ਹਿੰਦੀ ਪਦਾਵਲੀ, ਪਦ 142, ਪੂਨਾ ਯੂਨੀਵਰਸਿਟੀ)
ਪਦ ਨੰ. 27 - ਹਰਿ ਬਿਨ ਕੌਨ ਸਹਾਇ ਕਰੈਗੋ॥
ਜਉ ਐਸਉ ਅਉਸਰ ਬਿਸਰੈਗੋ,
ਤੌਂ ਮਰਕਟ ਕਾ ਅਉਤਾਰ ਧਰੈਗੋ।।
ਕਰਮਡੋਰ ਬਾਜੀਹਾਰ ਕੇ ਬਸਿ।
ਨਾਚਤ ਘਰਿ ਘਰਿ ਬਾਰ ਫਿਰੈਗੋ॥
ਲੇ ਲੁਕਟੀ ਤੋਂਹਿ ਤ੍ਰਾਸ ਦਿਖਾਵੈ।
ਜਨ ਜਨ ਕੇ ਤੂੰ ਪਾਇ ਪਰੈਗੋ॥
ਜੂੰ ਹਮਾਲ ਸਿਰਿ ਬੋਝ ਬਹੁਤ ਹੈ,
ਲਾਲਚ ਕੈ ਸੰਗ ਲਾਗ ਮਰੈਗੋ॥
ਜਿਉ ਕੁਲਾਲ ਚੱਕੀ ਕੂੰ ਫੇਰੈ,
ਐਸੇ ਤੂੰ ਕਈ ਬਾਰ ਫਿਰੈਗੋ॥
ਭਜਿ ਭਗਵੰਤ ਮੁਕਤ ਕੇ ਦਾਤਾ।
ਰਾਮ ਕਹਿਆ ਕਛੂ ਨਾ ਬਿਗਰੈਗੋ॥
ਨਾਮ ਪ੍ਰਤਾਪ ਰਾਖਿ ਉਰ ਅੰਤਰ।
ਨਾਮਦੇਵ ਸਰਣੈ ਉਬਰੈਗੋ॥
(ਸੰਤ ਨਾਮਦੇਵ ਕੀ ਹਿੰਦੀ ਪਦਾਵਲੀ, ਪਦ 178, ਪੂਨਾ ਯੂਨੀਵਰਸਿਟੀ)
ਪਦ ਨੰ. 28- ਵਿਦਿਆ ਹਰਿ ਬਿਨ ਕਾਮ ਨਾ ਮੋਰੇ॥
ਮੁਖ ਤੇ ਬਚਨ ਕਹੈ ਕਰ ਜੋਰੇ॥
ਪਾਂਡੇ ਮੋਹਿ ਪੜਾਵੇ ਹਰੀ॥
ਵਿਦਿਆ ਆਪਨੇ ਰਾਖੋ ਘਰੀ॥
ਬਾਰਾਂ ਅੱਖ਼ਰ ਬਾਰਾਂ ਖਰੀ॥
ਹਰ ਬਿਨੁ ਪੜਨੇ ਕੀ ਆਖਰੀ॥
ਰਾਰੇ ਮਮੇ ਦੇ ਆਖਰਾ॥
ਪਾਰ ਉਤਾਰੇ ਭੈ ਸਾਗਰਾ॥
ਹਮ ਤੁਮ ਪਾਂਡੇ ਕੈਸਾ ਬਾਦ॥
ਰਾਮ ਨਾਮ ਪੜਿਆ ਪ੍ਰਹਿਲਾਦ॥
ਥੰਮ ਮਾਹਿ ਪ੍ਰਗਟਿਓ ਹੈ ਹਰੀ॥
ਨਾਮੇ ਕਾ ਸੁਆਮੀ ਹੈ ਨਰ ਹਰੀ॥
ਮਰਾਠੀ ਅਭੰਗ.- ਏਕਾ ਬਿਠੱਲਾ ਸਰਣ ਜਾਕੇ।
ਜਨਮ ਵਾਯਾਂ ਕਾ ਦਵੜਾ ਰੇ॥1॥
ਕਾਯ ਕਰੂਨਿ ਤੀਰਥਾ ਟਣੇਂ।
ਮਨ ਭਰਲੇਂ ਅਵਗੁਣੇ॥2॥
ਫੁਕਾਚਿਆ ਤੁਲਸੀ ਵਾਹਾ ਰੇ।
ਧਰੂਆ ਸਾਰਖੇ ਪਦ ਮਾਰਗ ਰੇ॥3॥
ਨਾਮਾ ਮਹਣੇ ਹਾ ਦੋਵੋ ਪਾਹਾਰੇ।
ਵਿਠੱਲ ਭਗਤਾਚਾ ਰਿਣਿਆਰਾ ਰੇ॥
(ਟੀਪ ਪਦ 166 ਝ)
ਹਿੰਦੀ ਅਭੰਗ.- ਏਕੈ ਬੀਠਲਾ ਸਰਨੈ ਜਾਕੇ।
ਜਨਮ ਵਾਇਆ ਕਾ ਦੌੜਾ ਰੇ। ਟੇਕ
ਤੀਰਥੈ ਤੀਰਥੈ ਕਾ ਹਿੰਡਾ ਰੇ।
ਲਟਕਿਆ ਡੋਇਆ ਕਾ ਮੁੰਡਾ ਰੇ।1॥
ਫੋਕਾਚਿਆ ਤੁਲਛੀ ਵਾਹਾ ਰੇ
ਧਰੂ ਸਰਿਸ਼ਾ ਪਦ ਜੋੜਾ ਰੇ॥2॥
ਨਾਮੈ ਭਣੈ ਵੂ ਦੇਵ ਹਰਿ
ਕੈਸੋ ਭਗਤਾ ਦਾ ਰਿਣਿਆ ਰੇ।3 ॥
(ਪਦ 166 ਛ)

ਨਾਮਦੇਵ ਜੀ ਵੱਲੋਂ ਵਰਤੇ 18 ਰਾਗਾਂ ਦਾ ਸੰਖੇਪ ਵਰਣਨ ਰਾਗੁ ਗਉੜੀ

ਰਾਗੁ ਗਾਉੜੀ ਸ਼੍ਰੀ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ ਅਤੇ ਇਸ ਰਾਗੁ ਦਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਤੀਸਰਾ ਸਥਾਨ ਹੈ। ਇਸ ਰਾਗੁ ਵਿੱਚ ਸ਼੍ਰੀ ਰਾਗੁ ਦਾ ਅੰਗ ਵੀ ਹੈ। ਇਸ ਰਾਗੁ ਦੀ ਆਰੋਹੀ ਵਿੱਚ ਗਾਂਧਾਰ ਅਤੇ ਧੈਵਤ ਵਰਜਿਤ ਹਨ। ਅਵਰੋਹੀ ਵਿੱਚ ਗਾਂਧਾਰ ਵਰਜਿਤ ਹੈ। ਰਿਸ਼ਵਤਵਾਦੀ ਅਤੇ ਪੰਚਮ ਸੰਵਾਦੀ ਹੈ। ਰਿਸ਼ਤ ਅਤੇ ਧੈਵਤ, ਕੋਮਲ,ਮਧਮ,ਤੀਵਰ ਬਾਕੀ ਸੁਰ ਸ਼ੁੱਧ ਹਨ। ਇਸ ਨੂੰ ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ।

ਇਸ ਰਾਗੁ ਦੇ ਅਨੇਕਾਂ ਭੇਦ ਲਿਖੇ ਹਨ ਜਿਵੇਂ ਗੁਆਰੇਰੀ, ਚੇਤੀ, ਦਖਣੀ, ਦੀਪਕੀ, ਪੂਰਬੀ, ਬੈਰਾਗਣ, ਮਾਝ,ਮਾਲਵਾ ਅਤੇ ਮਾਲਾ। ਦੂਸਰੇ ਰਾਗੁ ਦੇ ਨਾਲ-ਨਾਲ ਸੰਕਰੀਣ ਹੋਣ'ਤੇ ਇਹ ਭੇਦ ਦਾ ਰੂਪ ਬਣ ਗਏ ਹਨ। ਅਫ਼ਸੋਸ ਹੈ ਕਿ ਇਸ ਵੇਲੇ ਰਾਗੀ ਜਨ ਇਹ ਸਾਰੇ ਭੇਦ ਸਪੱਸ਼ਟ ਕਰਕੇ ਗਾਉਂਦੇ ਨਹੀਂ ਸੁਣੀਂਦੇ।
ਮਹਾਨ ਕੋਸ਼ ਪੰਨਾ 389
ਆਰੋਹੀ ਸ ਰਾ ਮੀ ਪ ਨ ਛ
ਅਵਰੋਹੀ ਸ ਨਾ ਧਾ ਪ ਮੀ ਰਾ ਛ

ਬ੍ਰਹਮ ਗਿਆਨੀ ਨਾਮਦੇਵ ਜੀ ਨੇ ਆਪਣਾ ਇੱਕ ਸ਼ਬਦ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ " ਦੇਵਾ ਪਾਹਨ ਤਾਰੀਅਲੇ " ਇਸ ਰਾਗੁ ਵਿੱਚ ਉਚਾਰਿਆ ਹੋਇਆ ਹੈ।

ਰਾਗੁ ਆਸਾ.- ਰਾਗੁ ਆਸਾ ਸੰਪੂਰਣ ਜ਼ਾਤ ਦੀ ਇਕ ਦੇਸੀਆ ਰਾਗਿਨਿ ਹੈ ਜੋ ਅੰਮ੍ਰਿਤ ਵੇਲੇ ਮਿਟੇ ਸੁਰ ਵਿੱਚ ਅਲਾਪੀ ਜਾਂਦੀ ਹੈ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸਨਮੁੱਖ ਅੰਮ੍ਰਿਤ ਵੇਲੇ ਦੀਵਾਨ ਵਿੱਚ ਆਸਾ ਦੀ ਵਾਰ ਗਾਉਣ ਦੀ ਰੀਤ ਚਲਾਈ ਸੀ। ਫਿਰ ਗੁਰੂ ਅਰਜਨ ਦੇਵ ਜੀ ਨੇ ਚੌਥੇ ਪਾਤਸ਼ਾਹ ਸ਼੍ਰੀ ਗੁਰੂ ਰਾਮਦਾਸ ਦੇ 24 ਛੱਕਿਆਂ ਨੂੰ 24 ਪਉੜੀਆਂ ਨਾਲ ਕੀਰਤਨ ਵਿੱਚ ਸ਼ਾਮਿਲ ਕੀਤਾ ਸੀ। ਹੁਣ ਗੁਰਦੁਆਰਿਆਂ ਵਿੱਚ ਆਸਾ ਦੀ ਵਾਰ ਦਾ ਕੀਰਤਨ ਨਿੱਤ ਹੁੰਦਾ ਹੈ ਜਿਵੇਂ " ਗਾਇ ਰਾਬਾਬੀ ਆਸਾ ਦੀ ਵਾਰ "

ਬਾਕੀ ਸਫਾ III 'ਤੇ

ਬਾਲ ਸਾਹਿਤ ਦੇ ਸਿਰਜਕ-10

ਬਾਲ ਸਾਹਿਤ ਦਾ ਸਿਰਜਕ-ਡਾ. ਦਰਸ਼ਨ ਸਿੰਘ ਆਸ਼ਟ

ਮੁਲਾਕਾਤੀ
ਬਲਜਿੰਦਰ ਮਾਨ

ਪੰਜਾਬੀ ਬਾਲ ਸਾਹਿਤ ਦੇ ਖੇਤਰ ਵਿੱਚ ਦਰਸ਼ਨ ਸਿੰਘ ਆਸ਼ਟ ਬੜੀ ਲਗਨ ਤੇ ਹਿੰਮਤ ਨਾਲ ਜੁੜਿਆ ਹੋਇਆ ਹੈ। ਉਸ ਨੇ ਇਸ ਖੇਤਰ ਵਿੱਚ ਅਨੇਕਾਂ ਮਾਨ-ਸਨਮਾਨ ਵੀ ਪ੍ਰਾਪਤ ਕੀਤੇ ਹਨ। ਇਸ ਖੇਤਰ ਵਿੱਚ ਉਸ ਦਾ ਜੁਗਾੜ ਹਮੇਸ਼ਾਂ ਸਫ਼ਲ ਹੁੰਦਾ ਰਿਹਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਰਗੀ ਸੰਸਥਾ ਵਿੱਚ ਬੈਠਾ ਹੋਣ ਕਰਕੇ ਉਸ ਨੂੰ ਕਾਰਜ -ਖੇਤਰ ਅਤੇ ਰਾਹ ਹਮੇਸ਼ਾਂ ਰੋਸ਼ਨ ਮਿਲਿਆ।

ਆਪਣੇ ਭਾਈ ਸ. ਭੁਪਿੰਦਰ ਸਿੰਘ ਆਸ਼ਟ ਤੋਂ ਪ੍ਰੇਰਨਾ ਲੈ ਕੇ ਉਹ ਵੀ ਬਾਲ ਜਗਤ ਵਿੱਚ ਆਪਣੀ ਕਲਮ ਨਾਲ ਡੂੰਘੀਆਂ ਪੈੜਾਂ ਪਾਉਣ ਲੱਗ ਪਿਆ। ਉਸ ਨੇ ਬਾਲ-ਸਾਹਿਤ ਦੀ ਆਲੋਚਨਾ, ਨਾਵਲ, ਨਾਟਕ, ਕਹਾਣੀ, ਕਵਿਤਾ, ਬਾਤਾਂ, ਬੁਝਾਰਤਾਂ ਆਦਿ ਹਰ ਵੰਨਗੀ 'ਤੇ ਹੱਥ ਅਜ਼ਮਾਇਆ ਹੈ। ਉਸ ਦੀ ਲੱਗਭੱਗ ਹਰ ਰਚਨਾ ਨੂੰ ਪੂਰਾ ਮਾਣ ਸਤਿਕਾਰ ਮਿਲਿਆ ਹੈ। ਉਸ ਦੀਆਂ ਪੁਸਤਕਾਂ ਵਾਪਸੀ, ਨਵਾਂ ਜਨਮ, ਨਵੀਆਂ ਗੱਲਾਂ ਆਦਿ ਸ਼ਾਹਮੁੱਖੀ ਲਿੱਪੀ ਵਿੱਚ ਅਤੇ ਕੁੱਝ ਪੁਸਤਕਾਂ ਹਿੰਦੀ ਵਿੱਚ ਵੀ ਅਨੁਵਾਦਿਤ ਹੋਈਆਂ ਹਨ। ਇੱਕ ਦਰਜਨ ਤੋਂ ਜ਼ਿਆਦਾ ਬਾਲ ਪੁਸਤਕਾਂ ਨਾਲ ਉਹ ਬੱਚਿਆਂ ਅੰਦਰ ਹੁਨਰਮਈ ਕਲਾ ਦਾ ਜਾਗ ਲਾ ਚੁੱਕਾ ਹੈ। ਬਾਲ ਸਾਹਿਤ ਤੇ ਡਾਕਰੇਟ ਦੀ ਡਿੱਗਰੀ ਵੀ ਕਰ ਗਿਆ ਹੈ। ਉਸ ਨੇ ਸੰਪਾਦਨ ਅਤੇ ਅਨੁਵਾਦਤ ਦਾ ਕਾਰਜ ਕਰਕੇ ਵੀ ਪੰਜਾਬੀ ਬਾਲ ਸਾਹਿਤ ਨੂੰ ਹੋਰ ਅਮੀਰ ਕਰਨ ਦਾ ਉਪਰਾਲਾ ਕੀਤਾ ਹੈ।

ਡਾ. ਦਰਸ਼ਨ ਸਿੰਘ

ਉਸ ਦੀ ਪਤਨੀ ਰਜਵੰਤ ਕੌਰ ਪੰਜਾਬੀ ਵੀ ਇਸ ਖੇਤਰ ਵਿੱਚ ਸਫ਼ਲਤਾ ਹਾਸਿਲ ਕਰਨ ਲਈ ਯਤਨਸ਼ੀਲ ਹੈ। ਪੰਜਾਬੀ ਯੂਨੀਵਰਸਿਟੀ ਪ੍ਰੈੱਸ ਪਟਿਆਲਾ ਵਿੱਚ ਸੇਵਾ ਕਰਦਾ ਆਸ਼ਟ ਆਪਣੇ ਅਧਿਐਨ ਦੇ ਕਾਰਜ ਵਿੱਚ ਰੁੱਝਿਆ ਹੀ ਮਿਲਦਾ ਹੈ। ਉਸਨੇ ਬਾਲ-ਸਾਹਿਤ ਦੀ ਖੋਜ ਵਿੱਚ ਵੀ ਜ਼ਿਕਰਯੋਗ ਕੰਮ ਕੀਤਾ ਹੈ। ਉਸ ਦੀ ਸਿਰਜਣਾ ਦਾ ਮੁੱਖ ਖੇਤਰ ਬਾਲ-ਸਾਹਿਤ ਹੀ ਹੈ। ਇਸ ਸਬੰਧੀ ਉਸ ਦੇ ਕਾਲਮ ਅਕਸਰ ਛੱਪਦੇ ਰਹਿੰਦੇ ਹਨ।

ਉਸ ਦੀਆਂ ਵੰਨ-ਸੁਵੰਨੀਆਂ ਰਚਨਾਵਾਂ ਨੂੰ ਅਖ਼ਬਾਰਾਂ, ਰਸਾਲਿਆਂ ਨੇ ਹਮੇਸ਼ਾਂ ਪਹਿਲ ਦਿੱਤੀ ਹੈ। ਉਹ ਉੱਚ ਪਾਏ ਦੀ ਰਚਨਾ ਕਰਨ ਵਾਲਾ ਇੱਕ ਮਾਹਿਰ ਬਾਲ-ਸਾਹਿਤ ਲੇਖਕ ਹੈ। ਪਟਿਆਲੇ ਜ਼ਿਲ੍ਹੇ ਦੇ ਪਿੰਡ ਘੱਗਾ ਦੇ ਸ੍ਰ. ਬਲਵੰਤ ਸਿੰਘ ਅਤੇ ਬੀਬੀ ਸੁਰਜੀਤ ਕੌਰ ਦੇ ਦੋਨੋਂ ਲਾਡਲੇ (ਭੁਪਿੰਦਰ,ਦਰਸ਼ਨ) ਬਾਲ-ਸਾਹਿਤ ਨੂੰ ਸਮਰਪਿਤ ਹਨ। ਪੰਜਾਬ ਦੀਆਂ ਕਈ ਸੰਸਥਾਵਾਂ ਤੋਂ ਇਲਾਵਾ ਕਾਨ੍ਹਪੁਰ, ਉੱਤਰ ਪ੍ਰਦੇਸ਼ ਦੀ ਭਾਰਤੀ ਬਾਲ ਕਲਿਆਣ ਸੰਸਥਾ, ਮਾਸਿਕ ਕਲਾਕਾਰ ਚੰਡੀਗੜ੍ਹ ਡਾ. ਭੀਮ ਰਾਓ ਅੰਬੇਦਕਰ ਯੂਨੀਵਰਸਿਟੀ ਆਗਰਾ ਅਤੇ ਅਮੈਰੀਕਨ ਬਾਇਗ੍ਰਾਫੀਕਲ ਇੰਸਟੀਚਿਊਟ ਯੂ.ਐਸ.ਏ. ਸਾਲ 2000 ਵਿੱਚ ਸਨਮਾਨਿਤ ਕਰ ਚੁੱਕਾ ਹੈ। ਉਸ ਦੀ ਖੋਜ ਭਰਪੂਰ ਪੁਸਤਕ " ਪੰਜਾਬੀ ਬਾਲ-ਸਾਹਿਤ ਦਾ ਅਲੋਚਨਾਤਮਕ ਮੁਹਾਂਦਰਾਂ " ਇੱਕ ਹੋਰ ਪ੍ਰਾਪਤੀ ਮੰਨੀ ਜਾ ਸਕਦੀ ਹੈ। ਜਿਸ ਬਾਰੇ ਇਹ ਕਿਹਾ ਜਾਣਾ ਬਣਦਾ ਹੈ ਕਿ ਇਹ ਪੁਸਤਕ ਬਾਲ-ਸਾਹਿਤ ਦੇ ਖੋਜ ਵਿਦਿਆਰਥੀਆਂ ਲਈ ਬੜੀ ਲਾਭਕਾਰੀ ਹੈ। ਅੱਜ-ਕੱਲ੍ਹ ਉਹ ਪਾਕਿਸਤਾਨ ਤੋਂ ਛੱਪਦੇ ਬਾਲ ਰਸਾਲੇ ਪੰਖੇਰੂ ਦਾ ਸੰਪਾਦਨ ਕਾਰਜ ਭਾਰਤੀ ਪੰਜਾਬ ਵਿੱਚੋਂ ਦੇਖ ਰਿਹਾ ਹੈ। ਉਸ ਦੇ ਨਰਸਰੀ ਗੀਤਾਂ ਦਾ ਵਿਸ਼ੇਸ਼ ਅੰਕ ਹੁਣੇ ਜਿਹੇ ਸ਼ਾਹਮੁੱਖੀ ਲਿੱਪੀ ਵਿੱਚ ਸ੍ਰੀ ਅਸ਼ਰਫ਼ ਸੁਹੇਲ ਨੇ ਸੰਪਾਦਿਤ ਕੀਤਾ ਹੈ। ਉਸ ਦੀਆਂ ਪਾਇਦਾਰ ਰਚਨਾਵਾਂ ਨੂੰ ਬਾਲ-ਪਾਠਕਾਂ ਨੇ ਬੜੀ ਚਾਹਤ ਨਾਲ ਪੜ੍ਹਿਆ ਅਤੇ ਪੜ੍ਹ ਰਹੇ ਹਨ।

ਕਹਾਣੀ (ਦੂਸਰੀ ਕਿਸ਼ਤ)

ਜਿਉਂਦੇ ਜੀ ਨਰਕ

ਵਰਿੰਦਰ ਆਜ਼ਾਦ

"ਕਿਵੇਂ ਹੋਇਆ ? ਕੀ ਹੋਇਆ। ਅਜੇ ਪਿੱਛੇ ਜਿਹਾ ਤਾਂ ਘਰ ਆਇਆਂ ਸੀ, ਚੰਗਾਂ ਭਲਾ ਸੀ। ਫਿਰ ਆਚਾਨਕ ਕੀ ਹੋ ਗਿਆ ?"

"ਹੋਣਾ ਕੀ ਸੀ ਰਾਤੀਂ ਚੰਗੇ ਭਲੇ ਸੀ, ਸਵੇਰੇ ਸਵੱਖਤੇ ਛਾਤੀ ਵਿੱਚ ਹੋਈ ਦਰਦ ਦੀ ਦਵਾਈ ਦਿੱਤੀ, ਕਹਿੰਦੇ ਦਰਦ ਠੀਕ ਹੋ ਗਈ। ਥੋੜੀ ਦੇਰ ਬਾਅਦ ਫਿਰ ਦਰਦ ਹੋਈ। ਮੰਜੇ 'ਤੇ ਲੇਟ ਗਏ। ਦਲੀਪ ਡਾਕਟਰ ਨੂੰ ਲੈ ਆਇਆ। ਡਾਕਟਰ ਨੇ ਕਿਹਾ ਇਹਨਾਂ ਨੂੰ ਕਿਤੇ ਲਿਜਾਣ ਦੀ ਜ਼ਰੂਰਤ ਨਹੀਂ, ਇਹ ਤਾਂ ਪੂਰੇ ਹੋ ਗਏ। ਬੀਬੀ ਬੱਸ ਕੁੱਝ ਹੀ ਪਲਾਂ ਵਿੱਚ ਮੇਰੇ ਹੱਥਾਂ ਵਿੱਚ ਹੀ ਪੂਰੇ ਹੋ ਗਏ।"

"ਮੇਰੀਏ ਧੀਏ ਮੈਂ ਤਾਂ ਜਿੰਦਗੀ ਵਿੱਚ ਕੋਈ ਸੁੱਖ ਨਹੀਂ ਵੇਖਿਆ। ਤੇਰਾ ਪਿਉ ਦੁੱਖ ਦਿੰਦਾ ਮੁੱਕ ਗਿਆ। ਹੁਣ ਤੇਰਾ ਗਮ ਮੈਨੂੰ ਜਿਉਣ ਨਹੀਂ ਦੇਵੇਗਾ। ਆਹ ਪਹਾੜ ਜੇਡੀ ਜਿੰਦਗੀ ਕਿਸ ਦੇ ਆਸਰੇ ਕੱਟੇਂਗੀ ?"

"ਬੀਬੀ ਬੱਚਿਆਂ ਦਾ ਹੀ ਆਸਰਾ ਹੈ। ਸੁੱਖ ਨਾਲ ਗੱਭਰੂ ਹੋ ਗਏ ਹਨ। ਇਹਨਾਂ ਨੂੰ ਪਿਉ ਦੇ ਆਸਰੇ ਦੀ ਲੋੜ ਸੀ। ਉਸ ਦਾ ਤਾਂ ਹਾਲੇ ਚਾਅ ਵੀ ਮੱਠਾ ਨਹੀਂ ਹੋਇਆ ਸੀ। ਰੱਬ ਪਤਾ ਨਹੀਂ ਸਾਡਾ ਵੈਰੀ ਕਿਉਂ ਬਣ ਗਿਆ। ਕਿਹੜੇ ਪਾਪ ਸਾਡੇ ਸਾਹਮਣੇ ਆਏ।"

"ਨਾ ਪੁੱਤ, ਇਉਂ ਨਹੀਂ ਆਖੀ ਦਾ। ਤੂੰ ਭਲਾ ਕੀ ਪਾਪ ਕੀਤੇ ਹਨ ? ਤੂੰ ਤਾਂ ਮੇਰਾ ਸਾਊ ਪੁੱਤ ਹੈਂ। ਮਨਜੀਤ ਤਾਂ ਪੂਰਾ ਦੇਵਤਾ ਸੀ। ਦੇਵਤਾ ਕਦੇ ਕਿਸੇ ਅੱਗੇ ਨਹੀਂ ਸੀ ਬੋਲਿਆ। ਬੀਬੀ-ਬੀਬੀ ਕਹਿੰਦੇ ਉਸਦਾ ਮੂੰਹ ਸੁੱਕਦਾ ਸੀ। ਦੋਵੇਂ ਭਰਾ ਹੀ ਇੰਨੇ ਨੇਕ, ਕਿ ਸਾਰਾ ਜਾਹਾਨ ਤਰੀਫ ਕਰਦਾ ਇਹਨਾਂ ਦੀ।"



"ਬੀਬੀ ਦਲੀਪ ਦੀ ਹਾਲਤ ਤਾਂ ਬਹੁੱਤ ਮਾੜੀ ਹੈ। ਉਹ ਤਾਂ ਭਰਾ ਦੇ ਬਿਨ੍ਹਾਂ ਸਾਹ ਨਹੀਂ ਭਰਦਾ ਸੀ। ਭਰਾ ਨਹੀਂ ਪਿਉ ਸਮਝਦਾ ਸੀ। ਭਾਵੇਂ ਉਮਰ ਵਿੱਚ ਇੱਕ ਸਾਲ ਦਾ ਹੀ ਫਰਕ ਹੈ, ਮੋਢਿਆਂ 'ਤੇ ਚੁੱਕੀ ਫਿਰਦਾ ਸੀ। ਜਨਾਨੀ ਦਾ ਸਿਆਪਾ ਮੁੱਕ ਗਿਆ। ਜਦ ਇਹ ਸਿੱਧੇ ਹੋਈ ਤਾਂ, ਬਗੈਰ ਪੈਸੇ ਲਏ ਤਲਾਕ ਹੋ ਗਿਆ। ਪਿਉ ਨੇ ਵੱਖਰੇ ਹੱਥ ਜੋੜੇ।"

ਦਲੀਪ ਰੌਂਦਾ ਹੋਇਆ ਆਇਆ। "ਬੀਬੀ ਆਹ ਕੀ ਹੋ ਗਿਆ ? ਮੇਰੀ ਤਾਂ ਬਾਂਹ ਭੱਜ ਗਈ, ਮੇਰਾ ਤਾਂ ਲੱਕ ਟੁੱਟ ਗਿਆ। ਮੈਂ ਤਾਂ ਭਾਅ ਦੇ ਸਿਰ ਤੇ ਸ਼ੇਰ ਸੀ ਹੁਣ ਤਾਂ ਮੈਂ ਗਿੱਦੜ ਹੋ ਗਿਆ। ਭਾਬੀ ਕਿਵੇਂ ਕੱਟੇਂਗੀ ਜਿੰਦਗੀ ? ਮੈਨੂੰ ਤਾਂ ਇਹਨਾਂ ਬੱਚਿਆਂ ਦਾ ਆਉਂਦਾ ਹੈ, ਇਹਨਾਂ ਦਾ ਕੀ ਬਣੇਗਾ ? ਭਾਅ ਨੂੰ ਤਾਂ ਬੱਚਿਆਂ ਨਾਲ ਮੋਹ ਹੀ ਬਹੁੱਤ ਸੀ। ਬੱਚੇ ਵੀ ਭਾਅ ਤੋਂ ਬਗੈਰ ਸਾਹ ਨਹੀਂ ਭਰਦੇ। ਸਵੇਰੇ ਉਠਦੇ ਸਾਰ ਮਾਂ ਨੂੰ ਨਹੀਂ ਬੁਲਾਉਂਦੇ, ਪਿਉ ਨੂੰ ਵੇਖਣਾ ਚਾਹੁੰਦੇ ਸਨ।"

ਸਮਾਂ ਆਪਣੀ ਰਫਤਾਰ ਚੱਲਦਾ ਰਿਹਾ। ਬਰਾਦਰੀ ਅਤੇ ਸੱਭ ਦੀ ਰਜ਼ਾਮੰਦੀ ਨਾਲ ਸੁਰਜੀਤ ਕੌਰ ਅਤੇ ਦਲੀਪ ਸਿੰਘ ਵਿੱਚ ਚਾਦਰ ਪਾ ਲਈ। ਦਿਉਰ-ਭਰਜਾਈ, ਪਤੀ-ਪਤਨੀ ਹੋ ਗਏ। ਬੱਚਿਆਂ ਨੂੰ ਪਿਉ ਮਿਲ ਗਿਆ। ਸਿਆਣਪ ਕੀਤੀ ਘਰ ਦੀ ਇੱਜ਼ਤ ਘਰ ਵਿੱਚ ਹੀ ਰਹਿ ਗਈ। ਰਣਜੀਤ ਤੇ ਉਸ ਦੀ ਮਾਂ ਦਾ ਫ਼ਿਕਰ ਮੁਕਿਆ।" ਹਾਲੀ ਇਹ ਜਖਮ ਭਰੇ ਹੀ ਸਨ ਕਿ ਇੱਕ ਹੋਰ ਵੱਡਾ ਧੱਕਾ ਰਣਜੀਤ ਅਤੇ ਉਸਦੀ ਮਾਂ ਨਾਲ ਹੋ ਗਿਆ। ਰੱਬ ਤਾਂ ਹੱਥ ਧੋ ਕੇ ਰਣਜੀਤ ਦੇ ਪਰਿਵਾਰ ਦੇ ਪਿੱਛੇ ਹੀ ਪਿਆ ਹੋਇਆ ਸੀ। ਪੁਲੀਸ ਮੁਕਾਬਲਾ ਹੋਇਆ। ਖੂਬ ਗੋਲੀ ਬਾਰੀ ਹੋਈ ਅਤੇ ਮੱਖਣ ਸਿੰਘ ਆਪਣੇ ਚਾਰ ਸਾਥੀਆਂ ਨਾਲ ਪੁਲਿਸ ਮੁਕਾਬਲੇ ਵਿੱਚ ਮਾਰਿਆ ਗਿਆ। ਪੁਲਿਸ ਨੇ ਘਰ ਨੂੰ ਘੇਰ ਲਿਆ। ਮੱਖਣ ਸਿੰਘ ਸਮਾਜ ਵਿਰੋਧੀ ਅਨਸਰਾਂ ਨੂੰ ਘਰ ਵਿੱਚ ਪਨਾਹ ਦਿੰਦਾ ਸੀ ਅਤੇ ਪਾਕਿਸਤਾਨ ਤੋਂ ਹਥਿਆਰ ਲਿਆ ਕੇ ਦਹਿਸ਼ਤਗਰਦੀ ਵਾਰਦਾਤਾਂ ਕਰਦੇ ਸਨ। ਫੜ੍ਹੇ ਜਾਣ ਦੇ ਡਰ ਕਾਰਨ ਮੱਖਣ ਸਿੰਘ ਦਾ ਛੋਟਾ ਭਰਾ ਰੂਪੋਸ਼ ਹੋ ਗਿਆ। ਮੱਖਣ ਸਿੰਘ ਦੀ ਲਾਸ਼ ਪੁਲੀਸ ਨੇ ਆਪਣੇ ਕਬਜ਼ੇ ਵਿੱਚ ਲੈ ਲਈ। ਪੋਸਟ ਮਾਟਰਮ ਕਰਨ ਤੋਂ ਬਾਅਦ ਲਾਸ਼ ਪਰਿਵਾਰ ਦੇ ਹਵਾਲੇ ਕਰ ਦਿੱਤੀ ਗਈ। ਮੱਖਣ ਸਿੰਘ ਦੇ ਘਰ ਦੀ ਪੁਲਿਸ ਨੇ ਚੱਪਾ-ਚੱਪਾ ਤਲਾਸ਼ੀ ਲਈ। ਮੱਖਣ ਸਿੰਘ ਦੇ ਸੱਜਣ ਕੰਮ ਆਏ, ਪੁਲੀਸ ਤੇ ਪ੍ਰਭਾਵ ਪੈ ਗਿਆ। ਉਹ ਰਾਜਨੀਤਿਕ ਲੋਕ ਹੋਣ ਕਰਕੇ ਪੁਲਿਸ ਨੇ ਮੱਖਣ ਸਿੰਘ ਦੇ ਪਰਿਵਾਰ ਦਾ ਪਿੱਛਾ ਛੱਡਿਆ। ਸਮਸ਼ੇਰ ਸਿੰਘ ਘਰ ਆ ਗਿਆ। ਰਣਜੀਤ ਸਿੰਘ ਤੇ ਉਸ ਦੀ ਮਾਂ ਵੀ ਘਰ ਆਏ ਹੋਏ ਸਨ। ਰਣਜੀਤ ਦੀ ਮਾਂ ਬੋਲੀ, "ਮੱਖਣ ਸਿੰਘ ਤਾਂ ਰਿਹਾ ਨਹੀਂ, ਕੁੜੀ ਦਾ ਇੱਥੇ ਕੀ ਕੰਮ ? ਅਸੀਂ ਕੁੜੀ ਲੈ ਜਾਂਦੇ ਹਾਂ, ਮੁੜ ਕੇ ਕੁੜੀ ਇੱਥੇ ਨਹੀਂ ਆਵੇਗੀ।

"ਕਿਉਂ ਅਸੀਂ ਸੱਭ ਮਰ ਗਏ ਹਾਂ। ਜੇ ਮੱਖਣ ਸਿੰਘ ਨਹੀਂ ਰਿਹਾ ਤਾਂ ਅਸੀਂ ਤਾਂ ਹਾਂ। ਤੁਸੀਂ ਕੁੜੀ ਨੂੰ ਕਿਵੇਂ ਲੈ ਜਾਉਗੇ। ਅਸੀਂ ਕੁੜੀ ਵਿਆਹ ਕੇ ਲਿਆਏ ਹਾਂ। ਮੱਖਣ ਸਿੰਘ ਕੁੜੀ ਨੂੰ ਕੱਢ ਕੇ ਨਹੀਂ ਲਿਆਇਆ ਸੀ। ਸਿਰ ਦੇ ਵਾਲਾਂ ਨੂੰ ਪੈਂਦੀ ਕੁੜੀ ਦੀ ਸੱਸ ਬੋਲੀ।"

"ਮਾਸੀ ਭੋਰਾ ਰੱਬ ਕੋਲੋਂ ਡਰ। ਇੱਕੋ ਸਾਡਾ ਭਰਾ ਮਰ ਮੁੱਕ ਗਿਆ। ਦੂਸਰਾ ਤੁਸੀਂ ਦੁੱਖ ਤਾਂ ਕੀ ਵੰਡਾਉਣਾ ਉਲਟਾ ਭਾਬੀ ਨੂੰ ਲਿਜਾਣ ਦੀ ਗੱਲ ਕਰਦੇ ਹੋ। ਭਾਬੀ ਕੋਈ ਛੜੀ ਮਲੰਗ ਨਹੀ, ਅਸੀਂ ਕੋਈ ਸ਼ਹਿਰੀ ਨਹੀ ਜਿਵੇਂ ਮਰਜੀ ਕਰੋ। ਸਾਡੇ 'ਚ ਸ਼ਰਮ ਹੈ। ਅਸੀਂ ਪੇਂਡੂ ਬੰਦੇ ਹਾਂ। ਅਸੀ ਮਰਦੇ ਮਰ ਜਾਵਾਂਗੇ ਪਰ ਆਪਣੀ ਇੱਜਤ ਨੂੰ ਬਾਹਰ ਨਹੀਂ ਜਾਣ ਦੇਵਾਂਗੇ। ਬੱਚੇ ਵੀ ਸਾਡੇ ਕੋਲ ਰਹਿਣਗੇ, ਤੁਸੀਂ ਕੁੜੀ ਵਿਆਹ ਦਿੱਤੀ। ਤੁਹਾਡਾ ਕੰਮ ਖਤਮ ਬੱਸ ?"

"ਗੱਲ ਸੁਣ ਲਉ ਸਾਡੀ ਬੁਰੀ ਲੱਗੇ ਜਾਂ ਚੰਗੀ, ਮੈਂ ਆਪਣੀ ਨੂੰਹ ਨੂੰ ਛੋਟੇ ਦੇ ਲੜ ਲਾ ਦੇਵਾਂਗੀ। ਵੱਡਾ ਨਹੀ ਰਿਹਾ ਤਾਂ ਛੋਟੇ ਦੀ ਤੀਵੀਂ ਬਣਕੇ ਰਹੇਗੀ। ਘਰ ਦੀ ਇੱਜ਼ਤ ਘਰ ਚ ਰਹੇਗੀ ?"

"ਇਹ ਨਹੀਂ ਹੋ ਸਕਦਾ ? "ਇਹ ਕਿਉਂ ਨਹੀ ਹੋ ਸਕਦਾ ? "ਵੱਡੀ ਕੁੱੜੀ ਦਾ ਸਾਕ ਵੀ ਤਾਂ ਉਸ ਦੇ ਛੋਟੇ ਦਿਉਰ ਨਾਲ ਕੀਤਾ ਸੀ।

"ਭੈਣ ਜੀ ਚਾਹੇ ਖੂਨ ਖਰਾਬਾ ਹੋ ਜਾਵੇ ਚਾਹੇ ਪਿਆਰ ਨਾਲ ਮੰਨ ਜਾਉ ਸਾਨੂੰ ਸਭ ਰਸਤੇ ਆਉਦੇ ਨੇ। ਸੋ ਹੱਥ ਰੱਸਾ ਸਿਰੇ 'ਤੇ ਗੰਢ ਤੁਹਾਡੀ ਕੁੱੜੀ ਸ਼ਮਸ਼ੇਰ ਦੀ ਹੀ ਤੀਵੀਂ ਬਣੇਗੀ ਕਰ ਲਉ ਜੋ ਕਰਨਾ ਹੈ ਤੁਸੀਂ।"

ਰਣਜੀਤ ਤੇ ਰਣਜੀਤ ਦੀ ਮਾਂ ਦੀ ਕੋਈ ਪੇਸ਼ ਨਾ ਗਈ ਉਨ੍ਹਾਂ ਅੱਗੇ। ਅੰਤ ਵਿਆਹ ਹੋ ਗਿਆ। ਸ਼ਮਸ਼ੇਰ ਸਿੰਘ ਵੀ ਸਮਾਜ ਵਿਰੋਧੀ ਗਤੀਵਿਧੀਆਂ ਸਰਗਰਮ ਹੋਣ ਕਰਕੇ ਉਸ ਦੀ ਪਤਨੀ ਡਰੀ- ਡਰੀ ਰਹਿੰਦੀ। ਸੱਸ ਕਾਫੀ ਕੁਪੱਤੀ ਗੱਲ-ਗੱਲ ਤੇ ਵੱਢ ਖਾਣ ਨੂੰ ਪੈਂਦੀ, ਸ਼ਮਸ਼ੇਰ ਵੀ ਗੱਲ-ਗੱਲ 'ਤੇ ਰੋਹਬ ਪਾਂਦੀ ਕੋਈ ਉਸ ਦੀ ਗੱਲ ਨਹੀ ਮੰਨਦਾ। ਜਨਾਨੀ ਦੇ ਪੇਕਿਆ ਨੂੰ ਗਾਲ੍ਹਾ ਕਢਦਾ। ਸਾਲ ਕੁ ਰੋਂਦੇ ਪਿੱਟਦੇ ਲੰਘ ਗਿਆ। ਇੱਕ ਦਿਨ ਸੁਨੇਹਾ ਆਇਆ ਰਣਜੀਤ ਦੀ ਛੋਟੀ ਮਹਿੰਦਰ ਕੌਰ ਮਰ ਮੁੱਕ ਗਈ ਹੈ। ਮਾਂ-ਪੁੱਤ ਫਿਰ ਦੌੜੇ ਦੌੜੇ ਗਏ। ਜਾਦਿਆਂ ਨੂੰ ਕੁੜੀ ਦੀ ਚਿਤਾ ਨੂੰ ਅੱਗ ਲੱਗਾ ਦਿੱਤੀ ਗਈ ਸੀ। ਜਦ ਰਣਜੀਤ ਦੀ ਮਾਂ ਨੇ ਕਿਹਾ "ਉਡੀਕ ਲੈਣਾ ਸੀ ਇਨ੍ਹੀ ਕਿਹੜੀ ਕਾਹਲੀ ਪਈ ਸੀ ਨਾਲੇ ਫਿਰ ਸਾਡੀ ਕੁੜੀ ਕਿਵੇਂ ਮਰੀ ?" ਮਹਿੰਦਰ ਕੌਰ ਦੀ ਮਾਂ ਗਲੇਡੂ ਸੁੱਟਦੀ ਬੋਲੀ।

"ਤੁਹਾਨੂੰ ਨਹੀਂ ਪਤਾ ਨਿੱਤ ਤਾਂ ਬਿਮਾਰ ਰਹਿੰਦੀ ਸੀ। ਉਸ ਉੱਪਰ ਬਹੁਤ ਸਾਰੇ ਪੈਸੇ ਖਰਚ ਦਿੱਤੇ ਬਿਮਾਰੀ ਠੀਕ ਨਾ ਹੋਈ ਤਾਂ ਮਰ ਮੁੱਕ ਗਈ ?" ਸ਼ਮਸ਼ੇਰ ਦਾ ਰੁੱਖਾ ਜਿਹਾ ਜਵਾਬ ਸੀ।

"ਨਾਲੇ ਫਿਰ ਉਡੀਕ ਕਰਨ ਨਾਲ ਕੀ ਫਰਕ

ਬਾਕੀ ਸਫਾ III 'ਤੇ

ਆਜ਼ਾਦੀ ਸੰਗਰਾਮੀ ਅਜੀਤ ਸਿੰਘ ਬਾਰੇ ਦਸਤਾਵੇਜ਼ੀ ਨਾਵਲ/ ਕਿਸ਼ਤ-47

ਬਾਗੀ ਮਸੀਹਾ

ਅਜੀਤ ਰਾਹੀ



ਮੈਂ ਅਖ਼ਬਾਰ ਵਿੱਚ ਪੜ੍ਹਿਆ ਕਿ ਇਸ ਥਾਂ ਲੱਗਭੱਗ ਵੀਹ ਹਜ਼ਾਰ ਲੋਕਾਂ ਦਾ ਇਕੱਠ ਇੱਕ ਜਲਸਾ ਕਰਨ ਲਈ ਇਕੱਠਾ ਹੋਇਆ ਸੀ, ਜਿਨ੍ਹਾਂ ਵਿੱਚ ਵਿਸਾਖੀ ਵੇਖਣ ਆਏ ਬੱਚੇ ਅਤੇ ਸਿਆਣੇ ਲੋਕ ਵੀ ਸਨ। ਇਸ ਜਲਸੇ ਦਾ ਮਨੋਰਥ ਸਰਕਾਰ ਦੇ ਜ਼ੁਲਮਾਂ ਦੀ ਨਿੰਦਿਆ ਕਰਨਾ ਸੀ। ਇਹ ਸਾਰੇ ਲੋਕ ਹੀ ਨਿਹੱਥੇ ਸਨ। ਪੰਜਾਬ ਦਾ ਗਵਰਨਰ ਉਸ ਵੇਲ ਓਡਵਾਇਰ ਸੀ ਅਤੇ ਪੁਲਿਸ ਅਤੇ ਫੌਜ ਮੁੱਖੀ ਜਨਰਲ ਡਾਇਰ ਸੀ। ਡਾਇਰ ਨੇ ਜਲਸਾ ਨਾ ਕਰਨ ਦਾ ਲੋਕਾਂ ਨੂੰ ਕੋਈ ਨੋਟਿਸ ਨਹੀਂ ਦਿੱਤਾ, ਨਾ ਹੀ ਲੋਕਾਂ ਨੂੰ ਹੁਕਮ ਕਰਕੇ ਜਲਸੇ ਵਿੱਚ ਜਾਣ ਤੋਂ ਰੋਕਿਆ, ਪਰ ਜਦੋਂ ਜਲਸਾ ਹੋ ਰਿਹਾ ਸੀ ਤਾਂ 150 ਹੱਥਿਆਰਾਂ ਨਾਲ ਲੈਸ ਸੈਨਿਕਾਂ ਦੀਆਂ ਗੱਡੀਆਂ ਬਾਗ ਦੇ ਇੱਕੋ-ਇੱਕ ਗਲੀ ਵਰਗੇ ਰਸਤੇ ਵਿੱਚ ਦਾਖਲ ਹੋ ਕੇ ਬਾਹਰ ਜਾਣ ਵਾਲੇ ਰਸਤੇ ਮੋਹਰੇ ਮਸ਼ੀਨਗੰਨਾਂ ਬੀੜ ਕੇ ਸੈਨਿਕ ਗੋਲੀ ਚਲਾਉਣ ਲਈ ਤਿਆਰ ਹੋ ਗਏ। ਡਾਇਰ ਨੇ ਲੋਕਾਂ ਨੂੰ ਤਿੰਨ ਮਿੰਟ ਵਿੱਚ ਤਿੱਤਰ-ਬਿੱਤਰ ਹੋ ਜਾਣ ਦਾ ਸਮਾਂ ਦਿੱਤਾ। ਲੋਕਾਂ ਲਈ ਇੰਨੇ ਸਮੇਂ ਵਿੱਚ ਬਾਹਰ ਜਾਣਾ ਜਾਂ ਖਿੰਡ-ਪੁੰਡ ਜਾਣਾ ਸੰਭਵ ਨਹੀਂ ਸੀ। ਕਿਉਂਕਿ ਬਾਗ ਦੇ ਚਾਰੇ ਪਾਸੇ ਵੱਡੀਆਂ-ਵੱਡੀਆਂ ਇਮਾਰਤਾਂ ਜਾਂ ਕੰਧਾਂ ਸਨ। ਇੱਕੋ-ਇੱਕ ਰਸਤਾ ਸੀ ਜਿਸ ਉੱਤੇ ਫੌਜ ਬੰਦੂਕਾਂ ਬੀੜੀ ਖੜ੍ਹੀ ਸੀ। ਤਿੰਨ ਮਿੰਟ ਬੀਤ ਜਾਣ ਦੇ ਬਾਅਦ ਵੀ ਡਾਇਰ ਨੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਬੇਕਸੂਰ ਅਤੇ ਨਿਹੱਥੇ ਲੋਕਾਂ ਦਾ ਸ਼ਿਕਾਰ ਖੇਡਿਆ ਗਿਆ। ਮਗਰੋਂ ਇਸ ਕਤਲੇਆਮ ਦੀ ਸਭ ਪਾਸੇ ਸਾਰੀ ਦੁਨੀਆਂ ਵਿੱਚ ਨਿੰਦਿਆ ਹੋਈ। ਇੱਥੋਂ ਤੱਕ ਕਿ ਲੰਡਨ ਦੀ ਪਾਰਲੀਮੈਂਟ ਵਿੱਚ ਵੀ ਇਸ ਨੂੰ ਗਲਤ ਦੱਸਿਆ ਗਿਆ। ਕਾਂਗਰਸ ਦੀ ਰਿਪੋਰਟ ਅਨੁਸਾਰ ਇਸ ਕਤਲੇਆਮ ਵਿੱਚ ਇੱਕ ਹਜ਼ਾਰ ਲੋਕਾਂ ਦੀ ਮੌਤ ਅਤੇ ਤਿੰਨ ਹਜ਼ਾਰ ਜ਼ਖਮੀਂ ਹੋਏ।

ਮਗਰੋਂ ਪਤਾ ਲੱਗਾ ਕਿ ਇਸ ਗੋਲੀ ਨੂੰ ਚਲਾਉਣ ਦੇ ਗਵਰਨਰ ਓਡਵਾਇਰ ਦੇ ਜਨਰਲ ਡਾਇਰ ਨੂੰ ਹੁਕਮ ਦੇ ਰੱਖੇ ਸੀ। ਮੇਰੇ ਦਿਲ ਵਿੱਚ ਲੂਹਰੀਆਂ ਉੱਠ ਰਹੀਆਂ ਸਨ ਕਿ ਕਾਸ਼ ਕੋਈ ਐਸਾ ਸੂਰਮਾ ਉੱਠੇ ਜੋ ਇਨ੍ਹਾਂ ਦੋਵਾਂ ਜਲਾਦਾਂ ਨੂੰ ਗੋਲੀ ਨਾਲ ਉਡਾ ਦੇਵੇ। ਇਨ੍ਹਾਂ ਦਿਨਾਂ ਵਿੱਚ ਮੰਟੋ ਮਾਰਲੇ ਬਿੱਲ ਪਾਸ ਕੀਤਾ ਗਿਆ ਸੀ ਜਿਵੇਂ ਮੈਂ ਪਹਿਲਾਂ ਦੱਸਿਆ ਹੈ ਕਿ ਹਿੰਦੋਸਤਾਨੀ ਆਜ਼ਾਦੀ ਘੁਲਾਟੀਏ ਗਰਮ ਅਤੇ ਨਰਮ ਦੋਵੇਂ ਹੀ ਪਹਿਲੀ ਸੰਸਾਰ ਜੰਗ ਵਿੱਚ ਆਪਣੇ ਆਪ ਨੂੰ ਠੱਗੇ ਹੋਏ ਮਹਿਸੂਸ ਕਰਦੇ ਸਨ। ਇਸੇ ਮਾਰਲੇ ਮੰਟੋ ਬਿੱਲ ਦੇ ਆਧਾਰ 'ਤੇ ਇੰਗਲੈਂਡ ਦੀ ਪਾਰਲੀਮੈਂਟ ਵਿੱਚ ਗੌਰਮਿੰਟ ਆਫ ਇੰਡੀਆ ਐਕਟ 1919 ਵਿੱਚ ਪਾਸ ਕੀਤਾ ਗਿਆ। ਮੈਂ ਇਨ੍ਹਾਂ ਸਭ ਬਿੱਲਾਂ ਅਤੇ ਐਕਟਾਂ ਨੂੰ ਅੰਗਰੇਜ਼ ਸਰਕਾਰ ਦੀਆਂ ਲੂੰਬੜ ਚਾਲਾਂ ਸਮਝਦਾ ਸੀ। ਮੈਨੂੰ ਅੰਗਰੇਜ਼ਾਂ ਪਾਸੋਂ ਕਿਸੇ ਵੀ ਭਲਾਈ ਦੀ ਆਸ ਨਹੀਂ ਸੀ।

ਜਦੋਂ ਮੈਂ ਸਵਿਟਜ਼ਰਲੈਂਡ ਵਿੱਚ ਰਹਿ ਰਿਹਾ ਸੀ ਉਸ ਵੇਲੇ ਉੱਥੋਂ ਦਾ ਪ੍ਰਧਾਨ ਮਿਸਟਰ ਮੋਟਾ ਸੀ। ਉਹ ਸਵਿਟਜ਼ਰਲੈਂਡ ਦਾ ਤਿੰਨ ਵਾਰ ਪ੍ਰਧਾਨ ਬਣਿਆ ਸੀ। ਅਜੇ ਵੀ ਮੇਰੇ ਕੋਲ ਮੇਰੀ ਅਤੇ ਮਿਸਟਰ ਮੋਟਾ ਦੀ ਤਸਵੀਰ ਹੈ ਜੋ ਉਸ ਨਾਲ ਮੈਂ ਉਸ ਦੇ ਦੂਸਰੀ ਵਾਰ ਪ੍ਰਧਾਨ ਬਣਨ ਵੇਲੇ ਖਿਚਾਈ ਸੀ। ਸਵਿਟਜ਼ਰਲੈਂਡ ਦੁਨੀਆਂ ਭਰ ਦੇ ਇਨਕਲਾਬੀਆਂ ਦੀ ਠਾਹਰ ਸੀ ਜਿੱਥੇ ਹਰ ਇਨਕਲਾਬੀ ਨੂੰ ਬਿਨਾਂ ਕਿਸੇ ਭਿੰਨ-ਭੇਦ ਦੇ ਹਰ ਤਰ੍ਹਾਂ ਦੀਆਂ ਪੂਰੀਆਂ ਸਹੂਲਤਾਂ ਸੀ। ਉਨ੍ਹਾਂ ਦੀ ਇਹ ਨੀਤੀ ਸੀ ਕਿ ਕਿਸੇ ਵੀ ਇਨਕਲਾਬੀ ਨੂੰ ਉਨ੍ਹਾਂ ਦੀ ਸਰਕਾਰ ਦੇ ਹਵਾਲੇ ਨਾ ਕੀਤਾ ਜਾਵੇ। ਉਹ ਕਦੇ ਵੀ ਕਿਸੇ ਦੇ ਦਬਾਅ ਅੱਗੇ ਨਹੀਂ ਸੀ ਝੁੱਕਦੀ।

ਸਵਿਟਜ਼ਰਲੈਂਡ ਵਿੱਚ ਉਨ੍ਹਾਂ ਦਿਨਾਂ ਵਿੱਚ ਇੱਕ ਰੂਸੀ ਇਨਕਲਾਬੀ ਵੀ ਰਹਿੰਦਾ ਸੀ। ਰੂਸ ਸਰਕਾਰ ਚਾਹੁੰਦੀ ਸੀ ਕਿ ਸਵਿਟਜ਼ਰਲੈਂਡ ਸਰਕਾਰ ਉਸ ਨੂੰ ਰੂਸ ਦੇ ਹਵਾਲੇ ਕਰ ਦੇਵੇ। ਪਹਿਲਾਂ ਤਾਂ ਸਵਿਟਜ਼ਰਲੈਂਡ ਨਾ ਮੰਨਿਆ ਪਰ ਪਤਾ ਨਹੀਂ ਮਗਰੋਂ ਕੀ ਗੱਲ ਹੋਈ, ਉਹ ਉਸ ਨੂੰ ਰੂਸ ਦੇ ਹਵਾਲੇ ਕਰਨ ਲਈ ਸਹਿਮਤ ਹੋ ਗਏ ਅਤੇ ਉਸ ਨੂੰ ਰੂਸ ਦੇ ਹਵਾਲੇ ਇਸ ਸ਼ਰਤ ਉੱਤੇ ਕੀਤਾ ਕਿ ਉਸ ਉੱਤੇ ਕੋਈ ਵੀ ਰਾਜਨੀਤਕ ਕੇਸ ਨਹੀਂ ਚਲਾਇਆ ਜਾਵੇਗਾ ਅਤੇਨਾ ਹੀ ਰਾਜਨੀਤਕ ਦੋਸ਼ਾਂ ਕਰਕੇ ਉਸਨੂੰ ਕੋਈ ਸਜ਼ਾ ਦਿੱਤੀ ਜਾਵੇਗੀ। ਹਾਂ ਜੇਕਰ ਉਸ ਉੱਤੇ ਕੋਈ ਹੋਰ ਦੋਸ਼ ਸਾਬਤ ਹੋ ਜਾਣ ਤਾਂ ਉਸ ਉੱਤੇ ਅਦਾਲਤ ਵਿੱਚ ਮੁਕੱਦਮਾ ਚਲਾਇਆ ਜਾਵੇ। ਰੂਸੀ ਇਨਕਲਾਬੀ ਨੂੰ ਰੂਸ ਦੇ ਹਵਾਲੇ ਕਰਨ ਦੇ ਵਿਰੋਧ ਵਿੱਚ ਸਵਿਟਜ਼ਰਲੈਂਡ ਦੇ ਅਖ਼ਬਾਰਾਂ ਅਤੇ ਲੋਕਾਂ ਨੇ ਬੜਾ ਵਿਰੋਧ ਕੀਤਾ। ਸਰਕਾਰ ਦੇ ਵਿਰੁੱਧ ਬੜਾ ਰੌਲਾ ਪਿਆ। ਉੱਧਰ ਜਦੋਂ ਰੂਸ ਦੀ ਸਰਕਾਰ ਨੇ ਉਸ ਉੱਤੇ ਸਿਰਫ ਮੁਕੱਦਮੇ ਚਲਾਉਣ ਦਾ ਡਰਾਮਾ ਕਰਕੇ ਉਸ ਨੂੰ ਸਾਇਬੇਰੀਆ ਦੀ ਜੇਲ੍ਹ ਵਿੱਚ ਉਮਰ ਭਰ ਲਈ ਕੈਦ ਕਰ ਦਿੱਤਾ। ਇਸ ਉੱਤੇ ਸਵਿਟਜ਼ਰਲੈਂਡ ਵਿੱਚ ਸਰਕਾਰ ਦੀ ਹੋਰ ਵੀ ਵੱਧ ਅਲੋਚਨਾ ਹੋਈ। ਮੈਂ ਇਸ ਸਬੰਧ ਵਿੱਚ ਪ੍ਰਧਾਨ ਮੰਤਰੀ ਮੋਟਾ ਨੂੰ ਮਿਲਿਆ। ਉਹ ਉਸ ਵੇਲੇ ਦਿਲੋਂ ਪਛਤਾਵਾ ਕਰ ਰਿਹਾ ਸੀ ਕਿ ਉਸ ਨੇ ਰੂਸੀ ਇਨਕਲਾਬੀ ਨੂੰ ਰੂਸ ਸਰਕਾਰ ਦੇ ਹਵਾਲੇ ਕਿਉਂ ਕੀਤਾ ? ਉਹ ਰੂਸੀ ਸਰਕਾਰ ਉੱਤੇ ਪੂਰੀ ਤਰ੍ਹਾਂ ਖਫਾ ਸੀ। ਉਸਨੂੰ ਇਸ ਗੱਲ ਦਾ ਪਛਤਾਵਾ ਸੀ ਕਿ ਉਸ ਨੇ ਇਹ ਗਲਤੀ ਕਿਉਂ ਕੀਤੀ, ਜਦੋਂ ਕਿ ਉਸ ਤੋਂ ਪਹਿਲਾਂ ਕਦੀ ਵੀ ਕਿਸੇ ਵੀ ਦੇਸ਼ ਦੇ ਇਨਕਲਾਬੀ ਨੂੰ ਇਸ ਤਰ੍ਹਾਂ ਕਿਸੇ ਸਬੰਧਿਤ ਸਰਕਾਰ ਦੇ ਹਵਾਲੇ ਨਹੀਂ ਸੀ ਕੀਤਾ ਜਾਂਦਾ।

ਇਨ੍ਹਾਂ ਦਿਨਾਂ ਵਿੱਚ ਇਸ ਤਰ੍ਹਾਂ ਦੀਆਂ ਨੀਤੀਆਂ ਕਰਕੇ ਹੀ ਸਵਿਟਜ਼ਰਲੈਂਡ ਦੇ ਨਾਗਰਿਕ ਆਪਣੇ ਦੇਸ਼ ਪ੍ਰਤੀ ਸਵੈਮਾਣ ਅਤੇ ਗੌਰਵ ਮਹਿਸੂਸ ਕਰਦੇ ਸਨ। ਮੈਂ ਤੁਹਾਨੂੰ ਇਸ ਦੀ ਇੱਕ ਛੋਟੀ ਜਿਹੀ ਮਿਸਾਲ ਦਿੰਦਾ ਹਾਂ। ਇੱਕ ਵਾਰੀ ਜਰਮਨੀ ਦਾ ਬਾਦਸ਼ਾਹ ਵਿਲੀਅਮ ਸਵਿਟਜ਼ਰਲੈਂਡ ਆਇਆ। ਬਹੁਤ ਸਾਰੀਆਂ ਸਵਿਸ ਰੈਜ਼ਮੈਂਟਾਂ ਨੇ ਉਸਨੂੰ ਸਲਾਮੀ ਦਿੱਤੀ। ਇੱਥੇ ਸਭ ਵੱਡੇ ਸ਼ਹਿਰਾਂ ਵਿੱਚ ਬਾਦਸ਼ਾਹ ਦਾ ਆਦਰ ਮਾਣ ਕੀਤਾ ਗਿਆ। ਪਰ ਬਾਦਸ਼ਾਹ ਤਾਂ ਇਸ ਤੋਂ ਵੀ ਹੋਰ ਅਗੇ ਸਵਿਸ ਫੌਜਾਂ ਦੀਆਂ ਜੜ੍ਹਾਂ ਤੱਕ ਫਰੋਲਣਾ ਚਾਹੁੰਦਾ ਸੀ। ਇਸ ਲਈ ਉਹ ਅਚਾਨਕ ਇੱਕ ਪਿੰਡ ਵਿੱਚ ਜਾਂਦਿਆਂ ਉੱਥੇ ਤਾਇਨਾਤ ਇੱਕ ਸਿਪਾਹੀ ਨਾਲ ਗੱਲਬਾਤ ਕਰਦਿਆਂ ਪੁੱਛਿਆ ਕਿ ਜੇਕਰ ਤੇਰੇ ਕੋਲ ਇੱਕ ਹਜ਼ਾਰ ਸਿਪਾਹੀ ਹੋਣ ਅਤੇ ਤੇਰਾ ਸਾਹਮਣਾ ਚਾਰ ਹਜ਼ਾਰ ਦੁਸ਼ਮਣ ਸਿਪਾਹੀਆਂ ਨਾਲ ਹੋ ਜਾਵੇ ਤਾਂ ਤੂੰ ਕੀ ਕਰੇਂਗਾ ? ਸਿਪਾਹੀ ਨੇ ਤੁਰੰਤ ਜਵਾਬ ਦਿੱਤਾ। "ਅਸੀਂ ਸਾਰੇ ਚਾਰ-ਚਾਰ ਗੋਲੀਆਂ ਚਲਾਵਾਂਗੇ ਅਤੇ ਦੁਸ਼ਮਣ ਨੂੰ ਖਤਮ ਕਰ ਦਿਆਂਗੇ। ਇਸ ਬਹਾਦਰੀ ਭਰੇ ਅਤੇ ਸਵੈ-ਭਰੋਸੇ ਭਰਪੂਰ ਉੱਤਰ ਨੂੰ ਸੁਣ ਕੇ ਬਾਦਸ਼ਾਹ ਬੜਾ ਖੁਸ਼ ਹੋਇਆ। ਇਹ ਖਬਰ ਸਾਰੀਆਂ ਅਖ਼ਬਾਰਾਂ ਦੇ ਮੁੱਖ ਪੰਨਿਆਂ ਉੱਤੇ ਵੱਡੇ ਅੱਖਰਾਂ ਵਿੱਚ ਛਪੀ। ਸਿਪਾਹੀ ਨੂੰ ਇਨਾਮ ਦਿੱਤਾ ਗਿਆ। ਉਸ ਦੀ ਤਸਵੀਰ ਪੋਸਟ ਕਾਰਡ ਉੱਤੇ ਛੱਪੀ ਜਿਹੜਾ ਲੱਖਾਂ ਦੀ ਗਿਣਤੀ ਵਿੱਚ ਵਿਕਿਆ ਅਤੇ ਹਾਲੀਂ ਵੀ ਵਿਕ ਰਿਹਾ ਹੈ। ਉਸ ਪੋਸਟ ਕਾਰਡ ਦੀ ਤਸਵੀਰ ਉੱਤੇ ਬਾਦਸ਼ਾਹ ਅਤੇ ਸਿਪਾਹੀ ਦੀ ਗੱਲਬਾਤ ਵੀ ਛਾਪੀ ਗਈ। ਜਦੋਂ ਮੈਂ ਇਹ ਗੱਲਬਾਤ ਕਰ ਰਿਹਾ ਹਾਂ, ਉਸ ਵੇਲੇ ਵੀ ਇਹ ਪੋਸਟ ਕਾਰਡ ਸਵਿਟਜ਼ਰਲੈਂਡ ਵਿੱਚ ਮਿਲ ਰਹੇ ਹਨ।

ਜਿਵੇਂ ਮੈਂ ਪਹਿਲਾਂ ਦੱਸ ਆਇਆ ਹਾਂ ਕਿ ਪਹਿਲੀ ਸੰਸਾਰ ਜੰਗ ਤੋਂ ਪਹਿਲਾਂ ਸ਼ਿਰਾਜ ਦਾ ਗਵਰਨਰ ਨਿਜ਼ਾਮੁਲ ਸੁਲਤਾਨ ਸਵਿਟਜ਼ਰਲੈਂਡ ਆਇਆ ਸੀ। ਉਸ ਵੇਲੇ ਮੇਰੇ ਪਾਸ ਸਈਅਦ ਜ਼ਿਆ-ਉਦ-ਦੀਨ ਠਹਿਰਿਆ ਹੋਇਆ ਸੀ। ਉਹ ਸੁਲਤਾਨ ਨੂੰ ਜਾਣਦਾ ਸੀ। ਸਈਅਦ ਵਾਪਿਸ ਈਰਾਨ ਜਾਣਾ ਚਾਹੁੰਦਾ ਸੀ। ਇਸ ਲਈ ਮੇਰੇ ਕੋਲ ਕੁੱਝ ਸਮਾਂ ਬਿਤਾ ਕੇ ਅੰਗਰੇਜ਼ਾਂ ਨੂੰ ਇਰਾਨ ਅਤੇ ਹਿੰਦੋਸਤਾਨ ਵਿੱਚੋਂ ਬਾਹਰ ਕੱਢਣ ਲਈ ਮਨਸੂਬੇ ਘੜਨੇ ਜ਼ਰੂਰੀ ਸਮਝਦੇ ਸੀ। ਸਾਨੂੰ ਉਸ ਵੇਲੇ ਪੱਕਾ ਯਕੀਨ ਸੀ ਕਿ ਜਰਮਨਾਂ ਅਤੇ ਅੰਗਰੇਜ਼ਾਂ ਦੀ ਜਲਦੀ ਜੰਗ ਲੱਗ ਜਾਵੇਗੀ ਜੋ ਸਾਡੀਆਂ ਯੋਜਨਾਵਾਂ ਨੂੰ ਅਮਲੀ ਜਾਮਾ ਪਹਿਨਾਉਣ ਵਿੱਚ ਮਦਦਗਾਰ ਸਾਬਤ ਹੋਵੇਗੀ। ਹੁਣ ਅਸੀਂ ਇਹ ਸਲਾਹਾਂ ਅਤੇ ਸਕੀਮਾਂ ਘੜਨ ਵਿੱਚ ਤਿੰਨ ਸਾਥੀ ਸੀ। ਤੀਸਰਾ ਨਿਜ਼ਾਮੁਲ ਸੁਲਤਾਨ ਸਾਡਾ ਸਾਥੀ ਸੀ।

ਕਿਸਮਤ ਦਾ ਖੇਲ ਦੇਖੋ ਜਦੋਂ

ਬਾਕੀ ਸਫਾ II 'ਤੇ

ਲੜੀਵਾਰ ਨਾਵਲ / ਕਾਂਡ-34

ਕਿਸਾਨ ਬਣ ਰਿਹਾ .ਗੁਲਾਮ

ਡਾ. ਨਰਿੰਦਰ ਸਿੰਘ ਹਰੀਕਾ
98760-34567



ਉਹ ਜਾਣਦੀ ਸੀ ਕਿ ਜਿਸ ਪੌਦੇ ਦੀ ਸੰਭਾਲ ਨਾ ਕੀਤੀ ਜਾਵੇ ਉਹ ਪੌਦਾ ਗਲ ਸੜ ਜਾਂਦਾ ਹੈ। ਇਸ ਤਰ੍ਹਾਂ ਬੰਦੇ ਵੀ ਨਿਕੰਮੇ ਹੋ ਜਾਂਦੇ ਨੇ ਤੇ ਜਿਨ੍ਹਾਂ ਨੂੰ ਕੋਈ ਗਿਆਨ ਨਹੀਂ ਦਿੰਦਾ। ਉਹ ਇਨ੍ਹਾਂ ਵਿਚਾਰਾਂ ਵਿੱਚ ਡੁੱਬੀ ਸੀ ਕਿ ਮਾਂ ਇਹ ਜਾਣਦੀ ਸੀ ਕਿ ਜੇਲ੍ਹ ਵਿੱਚ ਜਿਹੜੇ ਬਾਹਰੋਂ ਨਵੇਂ ਕੈਦੀ ਹਵਾਲਾਤੀ ਆਉਂਦੇ ਹਨ। ਉਸ 'ਤੇ ਜਾਂਦੇ ਸਾਰ ਹੀ ਕਈ ਕੇਸ ਪਾ ਦਿੱਤੇ ਤੇ ਕਰ ਤਾ ਪੇਸ਼ ਜੱਜ ਦੇ ਸਾਹਮਣੇ, ਜੱਜ ਨੇ ਨਾ ਕੋਈ ਦਲੀਲ ਸੁਣੀ ਤੇ ਨਾ ਹੀ ਕੋਈ ਪੈਰਵੀ ਤੇ ਉਸ ਨੂੰ ਜੇਲ੍ਹ ਵਿੱਚ ਭੇਜ ਦਿੱਤਾ। ਜੇਲ੍ਹ ਵਿੱਚ ਜੋ ਉਸ ਨੇ ਦੇਖਿਆ ਜੋ ਇਸ ਤਰ੍ਹਾਂ ਸੀ ਕਿ ਜੇਲ੍ਹ ਦੇ ਅਫਸਰ ਜੇਲ੍ਹ ਵਿੱਚ ਰਹਿੰਦੇ ਡਾਕੂਆਂ, ਚੋਰਾਂ, ਸਮੱਗਲਰਾਂ ਨੂੰ ਫੋਰਸ ਕਰਦਾ ਸੀ ਕਿ ਜੇਲ੍ਹ ਵਿੱਚ ਜੋ ਕ੍ਰਾਂਤੀਕਾਰੀ ਕੁੜੀਆਂ ਜਾਂ ਹੋਰ ਕੁੜੀਆਂ ਹੁੰਦੀਆਂ ਹਨ, ਉਨ੍ਹਾਂ ਦੀਆਂ ਰਾਤਾਂ, ਰੰਗੀਨ ਕਰਨ ਲਈ ਉਨ੍ਹਾਂ ਨੂੰ ਸਪਲਾਈ ਕਰਨ। ਕਿਉਂਕਿ ਜੇਲ੍ਹ ਵਿੱਚ ਇਹ ਸਭ ਕੁੱਝ ਹੁੰਦਾ ਆਉਂਦਾ ਸੀ। ਉਹ ਜੇਲ੍ਹ ਅਫਸਰ ਹਰ ਢੰਗ ਨਾਲ ਪੈਸਾ ਬਣਾਉਂਦੇ ਸਨ। ਉਹ ਰਿਸ਼ਵਤ ਲੈਂਦੇ ਤੇ ਕਹਿੰਦੇ ਹਨ ਤਨਖਾਹ ਨਾਲ ਉਨ੍ਹਾਂ ਦਾ ਕੀ ਬਣਦਾ ਹੈ। ਆਪਣੇ ਪੈਸੇ ਲਈ ਹਰ ਢੰਗ ਅਪਣਾਉਂਦੇ ਹਨ, ਜਿਵੇਂ ਨਸ਼ੇ ਵੇਚਣੇ, ਕੈਦੀਆਂ ਨੇ ਮੋਬਾਇਲ ਰੱਖਣਾ ਤੇ ਹੋਰ ਅਮੀਰ ਕੈਦੀਆਂ ਦੀਆਂ ਹੋਰ ਲੋੜਾਂ ਪੂਰੀਆਂ ਕਰਦੇ ਹਨ। ਪੈਸਾ ਤਾਂ ਜ਼ਿਆਦਾ ਜੇਲ੍ਹ ਵਿੱਚ ਸਮਗਲਰਾਂ, ਡਾਕੂਆਂ ਤੇ ਲੀਡਰਾਂ ਕੋਲ ਹੁੰਦਾ ਹੈ ਤੇ ਪੁਲਿਸ ਵਾਲੇ ਉਨ੍ਹਾਂ ਦੀ ਹਰ ਇੱਕ ਖੁਸ਼ੀ ਪੂਰੀ ਕਰਦੇ ਹਨ, ਪੈਸੇ ਲਈ....।

ਜਦੋਂ ਮਾਂ ਨੂੰ ਇਸ ਗੱਲ ਦੀ ਭਿਣਕ ਲੱਗੀ ਕਿ ਜੇਲ੍ਹ 500 ਕੈਦੀਆਂ ਵਾਸਤੇ ਹੈ, ਜੇਲ੍ਹ ਵਿੱਚ ਦੋ ਹਜ਼ਾਰ ਤੋਂ ਵੱਧ ਕੈਦੀ ਹੋ ਗਿਆ। ਉਹ ਕੈਦੀ ਇੰਨੀ ਮੁਸ਼ਕਲ ਨਾਲ ਰਹਿੰਦੇ ਹਨ ਜਿਵੇਂ ਭੇਡਾਂ ਬੱਕਰੀਆਂ ਵਾੜੇ ਵਿੱਚ ਹੋਣ ਤੇ ਇੱਕ ਕੈਦੀ ਨੂੰ ਇੱਕ ਵੱਡੇ ਹਾਲ ਵਿੱਚ ਪੈਣ ਲਈ 6 ਇੰਚ ਲੰਬੀ ਤੇ 2 ਇੰਚ ਚੌੜੀ ਥਾਂ ਮਿਲਦੀ ਸੀ। ਉੱਥੇ ਕੋਈ ਕੈਦੀ ਪਾਸਾ ਨਹੀਂ ਸੀ ਲੈ ਸਕਦਾ। ਜਦੋਂ ਮਨੁੱਖੀ ਮਲ ਮੂਤਰ ਕਰਨਾ ਹੁੰਦਾ ਤਾਂ ਲਾਇਨ ਲੱਗ ਜਾਂਦੀ। ਜਦੋਂ ਕ੍ਰਾਂਤੀਕਾਰੀਆਂ ਨੂੰ ਪਤਾ ਲੱਗਾ ਕਿ ਜੇਲ੍ਹ ਵਿੱਚ ਇੱਕ ਕਮਰਾ ਸੀ ਜਿੱਥੇ ਕੈਦੀਆਂ ਨੂੰ ਮਾਰ ਕੇ ਉਸ ਕਮਰੇ ਵਿੱਚ ਸੁੱਟ ਆਉਂਦੇ ਸਨ, ਜੋ ਕੈਦੀ ਤੰਗ ਕਰਦੇ ਸਨ, ਕੈਦੀਆਂ ਨੂੰ ਇਹ ਵੀ ਪਤਾ ਨਹੀਂ ਲੱਗਦਾ ਸੀ ਕਿ ਉਸਨੂੰ ਫੜ੍ਹ ਕੇ ਕਿਸ ਪਾਸੇ ਲੈ ਗਏ ਸਨ। ਸਵੇਰੇ ਅਖ਼ਬਾਰਾਂ ਵਿੱਚ ਇਹ ਖਬਰ ਦਿੱਤੀ ਜਾਂਦੀ ਸੀ ਕਿ ਦੋ ਜਾਂ ਤਿੰਨ ਕੈਦੀ ਹਾਰਟ ਅਟੈਕ ਨਾਲ ਜਾਂ ਸ਼ੂਗਰ ਨਾਲ ਮਰ ਗਏ। ਉਨ੍ਹਾਂ ਦੀ ਝੂਠੀ ਕਹਾਣੀ ਬਣਾ ਕੇ ਜਿਸ ਵਿੱਚ ਜੇਲ੍ਹ ਦੇ ਹਸਪਤਾਲ ਦੇ ਡਾਕਟਰ ਤੇ ਜ਼ਿਲ੍ਹੇ ਦੇ ਸਿਵਲ ਹਸਪਤਾਲ ਦੇ ਸੀ.ਐੱਮ.ਓ. ਹੁੰਦੇ ਸਨ, ਉਹ ਬਿਆਨ ਦੇ ਦਿੰਦੇ ਹਨ ।ਕੈਦੀ ਸੱਚਮੁੱਚ ਹੀ ਬੀਮਾਰੀ ਨਾਲ ਮਰੇ ਸਨ। ਇਨ੍ਹਾਂ ਵਿੱਚ ਜ਼ਿਆਦਾ ਉਹ ਕੈਦੀ ਹੁੰਦੇ ਸਨ ਜਿਹੜੇ ਛੋਟੇ-ਛੋਟੇ ਜ਼ੁਲਮ ਕਰਕੇ ਜਿਵੇਂ ਚੋਰੀ ਜਾਂ ਖੋਹਾਂ ਦਾ ਛੋਟਾ ਜੁਰਮ ਕਰਦ ਸਨ, ਇਹ ਉਹ ਕੈਦੀ ਹੁੰਦੇ ਸਨ ਜਿਹੜੇ ਆਪਣੀ ਜ਼ਮੀਨ ਵੇਚ ਕੇ ਸ਼ਹਿਰ ਵਿੱਚ ਰੁਜ਼ਗਾਰ ਦੀ ਭਾਲ ਵਿੱਚ ਆਏ ਹੁੰਦੇ ਸਨ।

ਰੁਜ਼ਗਾਰ ਤਾਂ ਕੀ ਮਿਲਣਾ ਸੀ ? ਉਹ ਤਾਂ ਸੜਕਾਂ ਬਣਾਉਣ, ਰਿਕਸ਼ੇ ਚਲਾਉਣ ਹੱਥ ਰੇਹੜੀ ਖਿੱਚਣੀ ਤੇ ਇਨ੍ਹਾਂ ਕੰਮ ਕਰਨ 'ਤੇ ਵੀ ਰਹਿਣ ਲਈ ਥਾਂ ਨਹੀਂ ਮਿਲਦੀ ਸੀ, ਜਿਸ ਕਰਕੇ ਉਨ੍ਹਾਂ ਨੂੰ ਸੜਕਾਂ ਤੇ ਸੌਣਾ ਮਿਲਦਾ ਸੀ। ਜਿਹੜੀਆਂ ਸ਼ਹਿਰਾਂ ਵਿੱਚ ਚੋਰੀਆਂ ਹੁੰਦੀਆਂ ਸੀ। ਜਦੋਂ ਪੁਲਿਸ ਨੂੰ ਅਸਲੀ ਚੋਰ ਨਾ ਮਿਲਦੇ ਤਾਂ ਕੇਸ ਪਾਉਣ ਲਈ ਇਨ੍ਹਾਂ ਨੂੰ ਅੱਗੇ ਕਰ ਦਿੰਦੇ। ਇਨ੍ਹਾਂ ਵਿੱਚ 80 ਫੀਸਦੀ ਬੰਦੇ ਉਹ ਹੁੰਦੇ ਸਨ ਜਿਨ੍ਹਾਂ ਦੀ ਜ਼ਮੀਨ ਵਿਕ ਚੁੱਕੀ ਸੀ, ਫਿਰ ਇਨ੍ਹਾਂ ਨੂੰ ਕੋਈ ਛੁਡਵਾਉਣ ਨਹੀਂ ਆਉਂਦਾ ਸੀ। ਕੋਈ ਮੁਕੱਦਮਾ ਲੜਨ ਨਾ ਆਉਂਦਾ। ਜਦੋਂ ਜੇਲ੍ਹ ਪੂਰੀ ਹੋ ਜਾਂਦੀ ਤਾਂ ਇਹ ਉਦੋਂ ਹੀ ਜੇਲ੍ਹ ਤੋਂ ਬਾਹਰ ਆਉਂਦੇ ਜੇਲ੍ਹ ਦਾ ਸੁਪਰਡੈਂਟ ਤੇ ਡਾਕਟਰ ਬਹੁਤ ਲਾਲਚੀ ਸੀ। ਉਹ ਦੋਵੇਂ ਪੈਸਾ ਕਮਾਉਣ ਲਈ ਕੋਈ ਵੀ ਕੰਮ ਕਰ ਸਕਦੇ ਸੀ। ਜਾਂ ਉਹ ਕੈਦੀ ਜਿਹ ਉਨ੍ਹਾਂ ਨੂੰ ਤੰਗ ਕਰਦਾ ਸੀ, ਉਨ੍ਹਾਂ ਦੇ ਰਾਹ ਦਾ ਰੋੜ੍ਹਾ ਬਣਦਾ ਸੀ। ਕਿਸੇ ਨਾ ਕਿਸੇ ਢੰਗ ਨਾਲ ਮਾਰ ਦਿੰਦੇ ਸਨ। ਜਦੋਂ ਵੀ ਜੇਲ੍ਹ ਵਿੱਚ ਸੋਹਣੀ ਕੁੜੀ ਜਾਂ ਔਰਤ ਆਉਂਦੀ ਸੀ ਤਾਂ ਉਹ ਉਨ੍ਹਾਂ ਨੇ ਛੱਡਣੀ ਕਿੱਥੇ ਸੀ, ਉਹ ਉਸ ਉੱਤੇ ਕੋਈ ਜੇਲ੍ਹ ਵਿੱਚੋਂ ਭੱਜਣ ਜਾਂ ਜੇਲ੍ਹ ਵਿੱਚ ਮਾੜਾ ਵਿਵਹਾਰ ਦਾ ਕੇਸ ਪਾ ਦਿੰਦੇ ਸੀ, ਉਸ ਦੀ ਕੈਦ ਵਧਾ ਦਿੰਦੇ ਸੀ, ਤਾਂ ਕਿ ਉਹ ਇਨ੍ਹਾਂ ਨੂੰ ਅੱਗੇ ਸਪਲਾਈ ਕਰਕੇ ਜੇਲ੍ਹ ਦੇ ਅਮੀਰ ਕੈਦੀਆਂ ਤੋਂ ਵੱਧ ਪੈਸਾ ਹਾਸਲ ਕਰ ਸਕਣ। ਉਹ ਸੋਚਦੇ ਸਨ ਕਿ ਸਮਗਲਰਾਂ ਨਾਲੋਂ ਵੱਧ ਪੈਸਾ ਇਨ੍ਹਾਂ ਔਰਤਾਂ ਨੂੰ ਸਪਲਾਈ ਕਰਕੇ ਪ੍ਰਾਪਤ ਹੋ ਸਕਦਾ ਹੈ। ਇਸ ਕਰਕੇ ਉਹ ਉਨ੍ਹਾਂ ਕੈਦੀਆਂ ਜਿਨ੍ਹਾਂ ਕੋਲ ਪੈਸਾ ਹੈ ਤੇ ਔਰਤ ਉਨ੍ਹਾਂ ਨੂੰ ਮਿਲਦੀ ਨਹੀਂ ਤੇ ਔਰਤ ਨੂੰ ਪ੍ਰਾਪਤ ਕਰਨ ਦੀ ਲਾਲਸਾ ਜੇਲ੍ਹ ਸੁਪਰਡੈਂਟ ਉਨ੍ਹਾਂ ਔਰਤਾਂ ਨੂੰ ਸਪਲਾਈ ਕਰਦੇ ਹਨ। ਜਦੋਂ ਮਾਂ ਨੇ ਜੇਲ੍ਹ ਵਿੱਚ ਇਹ ਸਭ ਹੁੰਦਾ ਦੇਖਿਆ ਤਾਂ ਉਸ ਨੇ ਇੱਕੋ ਢੰਗ ਸੋਚਿਆ ਕਿ ਹੁਣ ਜੇਲ੍ਹ ਵਿੱਚੋਂ ਕੈਦੀਆਂ ਤੋਂ ਬਗਾਵਤ ਕਰਵਾਈ ਜਾਵੇ। ਜੇਲ੍ਹ ਵਿੱਚ ਇੰਨੀ ਵੱਡੀ ਬਗਾਵਤ ਹੋਈ ਕਿ ਕੈਦੀ ਜੇਲ੍ਹ ਤੋੜ ਕੇ ਭੱਜ ਗਏ। ਪੁਲਿਸ ਤੋਂ ਕੈਦੀ ਕਾਬੂ ਵਿੱਚ ਨਾ ਆਏ। ਫਿਰ ਫੌਜ ਬੁਲਾਈ ਗਈ।

ਅੱਜ ਲਖਨਊ ਵਿੱਚ ਕਿਸਾਨ ਡੇਅ ਸੀ। ਦੂਰੋਂ-ਦੂਰੋਂ ਇੱਥੇ ਕਿਸਾਨ ਆਏ ਸਨ। ਬਹੁਤ ਇਕੱਠ ਸੀ। ਫਤਹਿ ਇਸ ਵਿੱਚ ਆਪਣੇ ਦੋਸਤ ਜੰਗ ਬਹਾਦਰ ਨਾਲ ਬੈਠਾ ਸੀ। ਉਸਦਾ ਦੋਸਤ ਦੱਸ ਰਿਹਾ ਸੀ ਕਿ ਥੋੜੀ ਦੂਰ ਸੌ ਏਕੜ ਦਾ ਮਾਲਕ ਜ਼ਿੰਮੀਦਾਰ ਰਹਿੰਦਾ ਸੀ। ਉਸਦਾ ਮੁੰਡਾ ਲੋਫਰ ਸੀ। ਆਪਣੇ ਪਿਓ ਨੂੰ ਮਾਰ ਕੇ ਜ਼ਮੀਨ 'ਤੇ ਕਬਜ਼ਾ ਕਰਨਾ ਚਾਹੁੰਦਾ ਸੀ ਕਿਉਂਕਿ ਉਹ ਜ਼ਮੀਨ ਵੇਚਣਾ ਚਾਹੁੰਦਾ ਸੀ। ਜਦੋਂ ਤੱਕ ਪਿਓ ਨਹੀਂ ਮਰਦਾ ਸੀ। ਜ਼ਮੀਨ ਮੁੰਡੇ ਦੇ ਨਾਂਅ ਨਹੀਂ ਸੀ ਚੜ੍ਹਦੀ। ਸ਼ਹਿਰ ਵਿੱਚ ਰਹਿਣ ਲਈ ਪੈਸਾ ਜ਼ਮੀਨ ਤੋਂ ਲਵਾਂਗਾ। ਉਸ ਨੇ ਸੋਚਿਆ ਅਗਰ ਮੈਂ ਪਿਓ ਨੂੰ ਮਾਰ ਦਿਆਂ ਤਾਂ ਜ਼ਮੀਨ ਮੇਰੀ ਬਣ ਹੀ ਜਾਵੇਗੀ। ਉਸ ਦੇ ਪਿਤਾ ਦੀ ਜ਼ਮੀਨ ਦੇ ਨਾਲ ਲੱਗਦੇ ਹੋਰ ਕਿਸਾਨਾਂ ਦੀ ਜ਼ਮੀਨ ਸੀ। ਇਹ ਫਰਾਂਸੀਸੀ ਨੂੰ ਵੇਚ ਦਿੱਤੀ ਸੀ ਜਿਸ ਨੇ ਦੋ ਸਾਲ ਵਿੱਚ ਹੀ ਝੂਠੇ

ਬਾਕੀ ਸਫਾ III 'ਤੇ